੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

1920 ਤੋਂ
ਸਾਲ 100 ਵਾਂ

# ਸਤਜੁਗ

ਸਤਜੁਗਿ ਸਚੁ ਕਹੈ ਸਭੁ ਕੋਈ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧੯ ਜੇਠ ਤੋਂ ੩੧ ਜੇਠ ੨੦੭੭ ਬ੍ਰਿ.
1 June To 13 June 2020

ਜਿਲਦ 28
ਨੰਬਰ 10
Total Pages 41

## ਕੋਰੋਨਾ ਮਹਾਂਮਾਰੀ ਦੇ ਚਲਦਿਆਂ....



ਨਾਮਧਾਰੀ ਫਾਰਮ (ਬੰਗਲੌਰ)
ਸ੍ਰੀ ਸਤਿਗੁਰੂ ਜੀ ਕਿਰਪਾ ਕਰਦੇ ਹੋਏ।




ਸੰਤ ਸਤਨਾਮ ਸਿੰਘ (ਸਸਰਾਲੀ) ਜੀ ਵੱਲੋਂ ਲੋੜਵੰਦਾਂ ਦੀ ਸੇਵਾ ਸਹਾਇਤਾ




ਨਾਮਧਾਰੀ ਸੰਗਤ ਲੁਧਿਆਣਾ ਵੱਲੋਂ ਸ਼ਹੀਦੀ ਸਮਾਰਕ ਵਿਖੇ ਲੋੜਵੰਦਾਂ ਦੀ ਸੇਵਾ ਸਹਾਇਤਾ

✪ ਕੁੱਝ ਦਿਨੋਂ ਕੀ ਕੈਦ ਮੇਂ
ਘੁੱਟਣ ਸੀ ਹੋਨੇ ਲਗੀ।
ਤੁਮ ਤੋਂ ਪੰਛੀਓ ਕੋ
ਪਿੰਜਰੇ ਮੇਂ ਰਖਨੇ ਕੇ ਸ਼ੌਕੀਨ ਥੇ॥

---------------------------

✪ ਤੰਦਰੁਸਤ ਸੇਹਤ ਸਭ ਤੋਂ ਵੱਡਾ ਤੋਹਫਾ ਹੈ।
ਸਬਰ, ਸੰਤੋਖ ਸਭ ਤੋਂ ਵੱਡੀ ਪੂੰਜੀ ਹੈ।
ਵਿਸ਼ਵਾਸ ਸਭ ਤੋਂ ਸੋਹਣਾ ਰਿਸ਼ਤਾ ਹੈ।

ਮਹਾਤਮਾ ਬੁੱਧ

---------------------------

✪ ਭੀੜ ਬਾਂਦਰਾ (ਬੰਬਈ) ਸਟੇਸ਼ਨ ਤੇ ਟਿਕਟਾਂ ਲੈਣ ਆਈ ਸੀ। ਇਹ ਭੁੱਖੀ, ਲਾਚਾਰ, ਅਭਾਗੀ ਭੀੜ ਹੈ। ਸੋਸ਼ਲ ਡਿਸਟੈਂਸਿੰਗ ਤਾਂ ਇੱਕ ਅਜਿਹੀ ਲਗਜ਼ਰੀ ਹੈ, ਜਿਹੜੀ ਉਹ ਹਾਸਲ ਕਰ ਸਕਦਾ ਹੈ, ਜਿਸ ਦੇ ਸਿਰ ਤੇ ਛੱਤ ਹੈ, ਢਿੱਡ ਫੁੱਲ ਹੈ ਅਤੇ ਖਾਤੇ ਵਿੱਚ ਪੈਸੇ ਹਨ, ਜਿਹੜਾ ਬਿਨਾਂ ਕੰਮ ਦੇ ਵੀ ਕੁਝ ਦਿਨ ਜਿਉਂਦਾ ਰਹਿ ਸਕਦਾ ਹੈ।

ਅਦਾਕਾਰਾ ਰਿਚਾ ਚੱਢਾ

---------------------------

ਪ੍ਰਾਈਮ ਏਸ਼ੀਆ ਟੀ.ਵੀ. ਵਿੱਚ ਪਰਮਵੀਰ ਬਾਠ ਨੇ ਕਿਹਾ: ਪ੍ਰਧਾਨ ਮੰਤਰੀ ਮੋਦੀ ਸਾਹਿਬ ਕਹਿੰਦੇ ਹਨ ਕਿ ਦੇਸ਼ ਨੂੰ ਆਤਮ ਨਿਰਭਰ ਬਣਾਉਣਾ ਹੈ। ਜੇ ਦੇਸ਼ ਨੂੰ ਆਤਮ ਨਿਰਭਰ ਬਣਾਉਣਾ ਹੈ, ਫੈਕਟਰੀਆਂ ਇਥੇ ਚਲਾਉਣੀਆਂ ਹਨ ਤਾਂ ਮੁੱਢਲੀਆਂ ਸਮੱਸਿਆਵਾਂ- ਬਿਜਲੀ, ਪਾਣੀ, ਸੜਕਾਂ ਆਦਿ ਦਾ ਵਧੀਆਂ ਤਰੀਕੇ ਨਾਲ ਹੱਲ ਕਰਨਾ ਪਵੇਗਾ।

ਦਵਿੰਦਰ ਸਿੰਘ ਬੈਨੀਪਾਲ ਨੇ ਕਿਹਾ: ਆਤਮ ਨਿਰਭਰ ਬਣਾਉਂਦੇ- ਬਣਾਉਂਦੇ ਬਹੁਤ ਸਾਰੀਆਂ ਸਰਕਾਰਾਂ ਤੁਰ ਗਈਆਂ। ਬਹੁਤ ਸਾਰੇ ਲੋਕਾਂ ਨਾਲ ਵਾਅਦੇ ਵੀ ਕੀਤੇ। ਚੋਣਾਂ ਦੇ ਟਾਇਮ ਬਹੁਤ ਵੱਡੇ- ਵੱਡੇ ਦਮਗਜੇ ਵੀ ਵੱਖੋ-ਵੱਖ ਸਰਕਾਰਾਂ ਮਾਰਦੀਆਂ ਰਹੀਆਂ। ਆਪਾਂ ਜੇ ਇਤਿਹਾਸ ਤੇ ਹੁਣ ਝਾਤ ਮਾਰੀਏ ਤਾਂ ਸਭ ਤੋਂ ਪਹਿਲਾਂ ਏਸ ਆਤਮ ਨਿਰਭਰਤਾ ਦੀ ਕਿ ਅਸੀਂ ਆਪੇ ਹੀ ਬਣਾਉਣਾ ਤੇ ਆਪੇ ਹੀ ਪਾਉਣਾ ਹੈ। ਅਸੀਂ ਵਿਦੇਸ਼ੀਆਂ ਦਾ ਫਰੰਗੀਆਂ ਦਾ ਕੁਝ ਨਹੀਂ ਪਾਉਣਾ। ਨਾਮਧਾਰੀ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ ਨੇ ਸਭ ਤੋਂ ਪਹਿਲਾਂ ਏਸ ਚੀਜ਼ ਦੀ ਗੱਲ ਕੀਤੀ। ਓਸੇ ਚੀਜ਼ ਨੂੰ ਫਿਰ ਚੁਰਾ ਲਿਆ, ਮਹਾਤਮਾ ਗਾਂਧੀ ਨੇ, ਮਹਾਤਮਾ ਗਾਂਧੀ ਤੋਂ ਬਾਅਦ ਹਰ ਸਰਕਾਰ ਜਦੋਂ ਵੀ ਆਉਂਦੀ ਰਹੀ ਲਗਭਗ ਇਹ ਗੱਲ ਕਹਿੰਦੀ ਰਹੀ ਹੈ ਕਿ ਭਾਰਤ ਦੇ ਲੋਕਾਂ ਨੂੰ ਅਸੀਂ ਆਤਮ ਨਿਰਭਰ ਬਣਾਉਣਾ ਹੈ। 1947 ਤੋਂ ਬਾਅਦ ਦੇਸ਼ ਕਿੰਨਾ ਕੁ ਆਤਮ ਨਿਰਭਰ ਹੋ ਚੁੱਕਾ ਹੈ?

---------------------------

✪ ਸਭ ਅਹਿਲੇ ਸਿਆਸਤ ਮਜੇ ਮੇਂ ਰਹੇਂਗੇ।
ਭਰੀ ਸਭ ਦਲੋਂ ਕੀ ਝੋਲੀ ਰਹੇਂਗੀ।
ਬੱਸ ਬਚੀ ਏਕ ਜੰਤਾ, ਜੋ ਪਹਿਲੇ ਹੀ ਦਿਨ ਸੇ
ਭੋਲੀ ਥੀ, ਭੋਲੀ ਹੈ, ਭੋਲੀ ਹੀ ਰਹੇਂਗੀ।

ਸਤਿਜੁਗ

# WHO Director shares 5 ways to stay healthy

Dr. Tedrosadhanom Ghebreyesus

We knew that many people life is changing dramatically. My family is not different. My daughter is now taking her classes on like from home because her school is closed. For the rest of the world that even the most severe situation can be turned around. But experience of cities and countries that have pushed back this virus give hope and courage to the rest of the world during. During this difficult time it is important to continue looking after your physical and mental health. This will not only help you in the long term.

1. First, eat a healthy and nutritious diet which helps your immune system to two function properly.

2. Limit your Alcohol consumption and aviod sugary drinks.

3.Do not smoke, smoking can increase your risk of developing severe disease if you become infected with COVID-19.

4. Exercise WHO Recommends 30 minutes of physical activity a day for adults and one hour a day for children.

If you are local or National guidelines allow it, go outside for a walk run or a ride and keep a safe distance from others. If you cannot leave the house find an exercise video online, dance to music. do some yoga or walk up and down the stairs. If you are working at home make sure you don't sit in same position for long periods. Get up and take 3 minutes break every 30 minutes.

5. Look after your mental health. It is normal to feel stressed, confused and scared during a crisis. Talking to people you know and trust can help. Supporting other people in your community can help you as much as it does them. Check on neighbours, family and friends. Compassion is a medicine.

Listen to music, read a book or play a game and try not to read or watch too much news if it makes you an anxious. get your information from a reliable sources once or twice a day.

COVID-19 is taking so much from us.

But is also giving us something special. The opportunity to come together as on humanity to work together, to earn together, to grow together.

I thank You

---------------------------

Together we stand.
History will remember this War.
The war that fought by doctor not by soldiers.
The war that fought with soap and sanitizer not with guns.
The war that was fought in houses, not in Battleground.

ਸਤਿਜੁਗ

ਸਤਿਜੁਗ

੧੯ ਜੇਠ ਤੋਂ ੩੧ ਜੇਠ ੨੦੭੭ ਬ੍ਰਿ.
1 ਜੂਨ ਤੋਂ 13 ਜੂਨ 2020 ਈ:
ਜਿਲਦ 28, ਵੀਰਵਾਰ ਨੰਬਰ 10

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

**Editorial Board:**

*Harvendra Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ ਸ਼ਧ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ ਸ਼ਧ ਡਾਲਰ

***Designed and Typeset:***
***Hakam Singh***

***Vishav Namdhari Sangat, Sri Bhaini Sahib***
***Satjug@sribhainisahib.com***

**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099

# ਤਤਕਰਾ

* ਸੰਪਾਦਕੀ-- ਮਹਾਂ ਵਿਨਾਸ਼ ਦਾ ਟ੍ਰੇਲਰ.....
ਹਰਪਾਲ ਸਿੰਘ ਸੇਵਕ........................................4

* ਸਦ ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ........................8

* Updesh Sri Satguru Uday Singh Ji (English).....................9

* ਕੁਦਰਤ ਨਾਲ ਖਿਲਵਾੜ ਤੇ ਕੋਰੋਨਾ ਦਾ ਕਹਿਰ
ਡਾ. ਨਿਰਮਲ ਸਿੰਘ ਪੰਜਾਬੀ ਸੱਥ ਲਾਂਬੜਾ (ਜਲੰਧਰ)...........10

* ਕੋਰੋਨਾ ਮਹਾਂਮਾਰੀ ਨੇ ਬੇਨਕਾਬ ਕੀਤੇ ਕਈ ਮਚਾ
ਡਾ. ਸਰਵਪਰੀਤ ਸਿੰਘ ਦਿੱਲੀ...............................16

* ਕੋਰੋਨਾ, ਸਾਇੰਸ ਅਤੇ ਧਰਮ
ਪ੍ਰੋ. ਅਵਤਾਰ ਸਿੰਘ ....................................17

* ਕੋਰੋਨਾ ਵਾਇਰਸ, ਡਰੋ ਨਾ ਜਾਗਰੂਕ ਹੋਵੋ,.....
ਡਾ. ਲਖਵੀਰ ਸਿੰਘ ਰਾਮਪੁਰਾ ਫੂਲ......................19

* ਇੱਕ ਬੰਦਾ ਹੁੰਦਾ ਸੀ?? (ਕਹਾਣੀ) ..............................24

* ਗੂੜ੍ਹੀ ਨੀਂਦੇ ਸੁੱਤੀਆਂ ਜ਼ਮੀਰਾਂ ਤੇ ਬੇਹਾਲ ਮਜ਼ਦੂਰ
ਜਸਵੰਤ ਸਿੰਘ ਮਸਤ .................................26

* ਲੌਕ ਡਾਊਨ ਦੇ ਚਲਦਿਆਂ
ਰਾਵੀ ਸਿੱਧੂ ਐਡਵੋਕੇਟ ...............................29

* ਕੋਰੋਨਾ ਮਹਾਂਮਾਰੀ ਅਤੇ ਲੌਕਡਾਊਨ ਦੌਰਾਨ ਨਾਮਧਾਰੀ ਪੰਥ...
ਹਰਪਾਲ ਸਿੰਘ ਸੇਵਕ .................................30

* ਸੇਵਾ ਹਰ ਭੇਖ ਦੀ ਕਰਨੀ
ਸੁਖਵਿੰਦਰ ਸਿੰਘ ਲਾਇਲ ...............................32

* ਕਵਿਤਾ (ਭਲਾ ਸੁਖ ਤਾਂ ਹੈ?)....................................34

* Namdhari tradition...........
Navjot kaur ........................................................35

* Covid-19 Stigma is more serious challenge..
Dr. Randeep Guleria ......................................38

* ਖ਼ਬਰਨਾਮਾ.......................................................39

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

# ਮਹਾਂ ਵਿਨਾਸ਼ ਦਾ ਟ੍ਰੇਲਰ – ਕੋਰੋਨਾ ਵਾਇਰਸ : ਕਾਰਣ ਅਤੇ ਨਿਵਾਰਣ

21ਵੀਂ ਸਦੀ ਵਿੱਚ, ਵਿਗਿਆਨ ਦੇ ਸਿਖਰ ਵੱਲ ਜਾ ਰਹੀ ਮਾਨਵਤਾ – ਮਹਾਂ ਵਿਨਾਸ਼ ਜਾਂ ਕਹਿ ਸਕਦੇ ਹਾਂ ਸਰਵਨਾਸ਼ ਵੱਲ ਬੜੀ ਤੇਜੀ ਨਾਲ ਵਧ ਰਹੀ ਹੈ।

ਸੰਨ 2020 ਦੇ ਅਰੰਭ ਹੁੰਦਿਆਂ ਹੀ ਕੋਰੋਨਾ ਵਾਇਰਸ ਨਾਮ ਦੀ ਮਹਾਂਮਾਰੀ ਵਿਸ਼ਵ ਭਰ ਵਿਚ ਫੈਲਣੀ ਸ਼ੁਰੂ ਹੋਈ ਜਿਸਨੇ ਕੁਝ ਮਹੀਨਿਆਂ ਵਿਚ ਹੀ ਸਮੁੱਚੇ ਵਿਸ਼ਵ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਇਸ ਤੋਂ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ ਸੈਂਕੜੇ ਤੋਂ ਹਜ਼ਾਰਾਂ ਅਤੇ ਲੱਖਾਂ ਤੱਕ ਹੋ ਗਈ ਹੈ ਅਤੇ ਵਧਦੀ ਜਾ ਰਹੀ ਹੈ। ਵਿਸ਼ਵ ਸਿਹਤ ਸੰਗਠਨ ਨੇ ਕੋਰੋਨਾ ਨੂੰ ਮਹਾਂਮਾਰੀ ਦਾ ਨਾਮ ਦੇ ਦਿੱਤਾ ਹੈ। ਅਤਿ ਵਿਕਸਿਤ ਸਿਹਤ ਵਿਗਿਆਨ ਦੀਆਂ ਬਾਹਵਾਂ ਖੜੀਆਂ ਹਨ। ਅਮਰੀਕਾ ਅਤੇ ਯੂਰਪ ਦੇ ਵਿਕਸਿਤ ਦੇਸ਼ ਵੀ ਬੇਵੱਸ ਦਿਸ ਰਹੇ ਹਨ। ਕੁਦਰਤ ਦੀ ਇਸ ਕਰੋਪੀ ਦੇ ਮੂਲ ਕਾਰਣ ਕੀ ਹਨ ਅਤੇ ਮਹਾਂਵਿਨਾਸ਼ ਵੱਲ ਵਧ ਰਹੀ ਮਾਨਵਤਾ ਦਾ ਬਚਾਅ ਕਿਵੇਂ ਹੋ ਸਕਦਾ ਹੈ। ਇਸ ਵਿਸ਼ੇ ਤੇ ਕੁਝ ਵਿਚਾਰ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹਨ।

ਵਿਸ਼ਵ ਪੱਧਰ ਤੇ ਵਧ ਰਹੀ ਅਸ਼ਾਂਤੀ, ਲੜਾਈਆਂ-ਝਗੜੇ ਅਤੇ ਨਵੀਆਂ-ਨਵੀਆਂ ਬਿਮਾਰੀਆਂ ਲੋਭੀ ਅਤੇ ਸਵਾਰਥੀ ਮਨੁੱਖ ਦੇ ਕੁਦਰਤ ਨਾਲ ਛੇੜ-ਛਾੜ ਦਾ ਨਤੀਜਾ ਹੈ। ਕੋਰੋਨਾ ਵਾਇਰਸ ਤਾਂ ਮਨੁੱਖ ਦੀਆਂ ਆਪ ਹੁਦਰੀਆਂ ਦੇ ਪ੍ਰਤੀਕਰਮ ਦਾ ਕੁਦਰਤ ਵਲੋਂ ਵਿਖਾਇਆ ਛੋਟਾ ਜਿਹਾ ਟ੍ਰੇਲਰ ਹੈ, ਜਿਸਨੇ ਮਨੁੱਖ ਨੂੰ ਉਸਦੀ ਔਕਾਤ ਵਿਖਾ ਦਿੱਤੀ ਹੈ।

ਇਕ ਕਹਾਣੀ ਹੈ ਜਾਂ ਪ੍ਰੇਰਕ ਕਥਾ ਕਹਿ ਲਓ ਜੋ ਅੱਜ ਦੇ ਮਨੁੱਖ ਦੀ ਕਰਨੀ ਅਤੇ ਉਸ ਦੇ ਨਤੀਜਿਆਂ ਨੂੰ ਸਮਝਣ ਲਈ ਬੜੀ ਅਰਥ ਭਰਪੂਰ ਹੈ :

ਇਕ ਨਦੀ ਪਾਰ ਕਰਨ ਲਈ ਇਕ ਵੱਡੀ ਬੇੜੀ ਵਿੱਚ ਇਕ ਸਿਆਣੀ ਉਮਰ ਦਾ ਸਾਧੂ ਚੜ੍ਹਿਆ। ਉਸ ਬੇੜੀ ਵਿੱਚ ਇਕ ਸੱਜਣ ਆਪਣਾ ਊਠ ਲੈ ਕੇ ਵੀ ਚੜ੍ਹ ਗਿਆ। ਇਕ ਮਦਾਰੀ ਬਾਂਦਰ-ਬਾਂਦਰੀ ਸਮੇਤ ਵੀ ਸਵਾਰ ਹੋ ਗਿਆ। ਪੂਰ ਭਰਨ ਤੇ ਬੇੜੀ ਤੋਰਨੀ ਸੀ – ਨੱਚਦੇ ਟੱਪਦੇ ਕਾਫੀ ਸਾਰੇ ਸਕੂਲ ਦੇ ਬੱਚੇ ਵੀ ਆ ਚੜ੍ਹੇ। ਪੂਰ ਕਰੀਬ ਭਰ ਚੁੱਕਾ ਸੀ, ਬੇੜੀ ਤੁਰਨ ਹੀ ਲੱਗੀ ਸੀ ਕਿ ਬਜ਼ੁਰਗ ਸਾਧੂ ਬੇੜੀ ਚੋਂ ਉੱਤਰ ਗਿਆ। ਕਾਰਣ ਪੁਛਣ ਤੇ ਕਹਿਣ ਲੱਗਾ, ਇਹ ਬੇੜੀ ਡੁੱਬ ਜਾਣੀ ਹੈ। ਸਾਰੇ ਮਖੌਲ ਕਰਨ, 'ਸੱਤਰਿਆ ਬਹੱਤਰਿਆ ਹੈ, ਆਇਆ ਵੱਡਾ ਜੋਤਸ਼ੀ। ਰੋਜ਼ ਏਸੇ ਬੇੜੀ ਤੇ ਹੀ ਪਾਰ

ਜਾਂਦੇ ਹਾਂ। ਅੱਜ ਕੀ ਹੋਣ ਲੱਗਾ ਹੈ। ਪਰ ਉਸ ਬਜ਼ੁਰਗ ਦੀ ਗੰਭੀਰਤਾ ਨਾਲ ਕਹੀ ਗਲ ਸੁਣ ਕੇ ਦੋ-ਚਾਰ ਜਣੇ ਉਸ ਨਾਲ ਬੇੜੀ ਚੋਂ ਉੱਤਰ ਗਏ। ਬੇੜੀ ਅੱਧ ਕੁ 'ਚ ਗਈ ਤਾਂ ਬਾਂਦਰ ਟੱਪ ਕੇ, ਊਠ ਤੇ ਚੜ੍ਹ ਗਿਆ। ਊਠ ਤ੍ਰਬਕਿਆ, ਏਧਰ ਓਧਰ ਟੱਪਿਆ, ਡੱਕੋ ਡੋਲੇ ਖਾਂਦੀ ਬੇੜੀ ਟੇਢੀ ਹੋ ਗਈ। ਕੁਝ ਡੁੱਬ ਗਏ, ਕੁੱਝ ਚੰਗੇ ਤਾਰੂ ਪਾਰ ਲਗ ਗਏ। ਉਸ ਬਜ਼ੁਰਗ ਸਾਧੂ ਦੇ ਨਾਲ ਉੱਤਰੇ ਸੱਜਣਾ ਨੇ ਬੜੀ ਹੈਰਾਨੀ ਨਾਲ ਪੁਛਿਆ – "ਸੰਤ ਜੀ, ਤੁਹਾਨੂੰ ਕੋਈ ਅਨੁਭਵ ਹੋਇਆ, ਕੋਈ ਅਕਾਸ਼ ਬਾਣੀ ਹੋਈ ਸੀ ਕਿ ਬੇੜੀ ਡੁੱਬ ਜਾਵੇਗੀ"। "ਨਹੀਂ ਭਾਈ, ਅਕਾਸ਼ ਬਾਣੀ ਜਾਂ ਭਵਿਖ-ਗਿਆਤਾ ਵਾਲੀ ਕੋਈ ਗਲ ਨਹੀਂ। ਪਹਿਲੋਂ ਊਠ ਵਾਲਾ ਚੜ੍ਹਿਆ, ਫੇਰ ਬਾਂਦਰ ਲੈ ਕੇ ਮਦਾਰੀ ਅਤੇ ਅਖੀਰ ਸ਼ਰਾਰਤੀ ਬੱਚੇ। ਬੱਚਿਆਂ ਨੇ ਬਾਂਦਰ ਨੂੰ ਛੇੜਨਾ ਹੀ ਸੀ -ਬਾਂਦਰ ਨੇ ਡਰ ਕੇ ਉੱਚੇ ਥਾਂ ਊਠ ਤੇ ਹੀ ਚੜ੍ਹਨਾਂ ਸੀ। ਊਠ ਨੇ ਤ੍ਰਬਕਨਾ ਸੀ ਤੇ ਬੇੜੀ ਡੁੱਬਣੀ ਸੀ। ਇਹ ਸੋਚ ਕੇ ਮੈਂ ਹੇਠਾਂ ਉੱਤਰ ਗਿਆ ਕਿ ਜੇ ਤੇ ਸੁੱਖੀ ਸਾਂਦੀ ਪਾਰ ਲਗ ਗਈ ਤਾਂ ਅਗਲੇ ਗੇੜੇ ਚਲਾ ਜਾਵਾਂਗਾ, ਨਹੀਂ ਤੇ ਅਣਿਆਈ ਮੌਤ ਕਿਉਂ ਮਰੀਏ"।

ਇਹੋ ਵਰਤਾਰਾ ਵਾਪਰ ਰਿਹਾ ਹੈ,ਸਮੁੱਚੇ ਵਿਸ਼ਵ ਵਿੱਚ। ਇਸਦੇ ਕਾਰਣਾਂ ਬਾਰੇ ਗਲ ਕਰਨ ਤੋਂ ਪਹਿਲਾਂ ਉਸ ਅਨੁਭਵੀ ਸਾਧੂ ਵਾਂਗ ਉਨੀਂਵੀ ਸਦੀ ਦੇ ਅੱਠਵੇਂ ਦਹਾਕੇ ਵਿਚ ਜਲਾਵਤਨੀ ਦੌਰਾਨ ਰੰਗੂਨ ਤੋਂ ਸੰਗਤਾਂ ਵੱਲ ਲਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਚੋਂ ਕੁਝ ਵਾਕ ਸੁਣ ਲਓ-

"ਅਰ ਭਾਈ ਪਿਰਥੀ ਨੇ ਬੀ ਬੜੀ ਸਿੰਵ ਮਿਟੀ ਚਕੀ ਹੈ। ਜ਼ੁਲਮ ਉਤੇ ਲਕ ਬੰਨ ਲਿਆ ਹੈ, ਭਲੇ ਬੁਰੇ ਨੇ।"

"ਸੋ ਹੋਊ ਤਾ ਆਟਾ ਸਣੇ ਰਾਜਿਆਂ ਪ੍ਰਜਿਆ,ਨਹੀ ਦਲੀਆ ਤਾ ਜਰੂਰ ਹੋਊ।"

-ਆਟੇ ਮੇਂ ਲੂਣ ਮਾਤਰ ਪ੍ਰਿਥਮੀ ਰਹਿ ਜਾਵੇਗੀ।

-ਬਾਰੀਂ ਕੋਹੀਂ ਦੀਵਾ ਬਲਣ ਦਾ ਹੁਕਮ ਹੈ।

ਇਹ ਬਚਨ ਨਾ ਸਰਾਪ ਹਨ ਅਤੇ ਨਾ ਹੀ ਵੇਦਾਂ ਪੁਰਾਣਾ ਦੇ ਭਵਿੱਖਤ ਵਾਕ, ਸਗੋਂ ਲੋਭੀ ਅਤੇ ਸਵਾਰਥੀ ਮਨੁੱਖ ਦੇ ਕਰਮਾਂ ਦੇ ਪ੍ਰਤੀਕਰਮ ਦਾ ਅਨੁਭਵ ਹੈ, ਉਸ ਬਾਰੇ ਸੁਚੇਤ ਕੀਤਾ ਹੈ।

21ਵੀਂ ਸਦੀ ਦੇ ਦੂਸਰੇ ਦਹਾਕੇ ਤੱਕ ਪਹੁੰਚਦਿਆਂ ਵਿਗਿਆਨ ਜਿਸ ਗਤੀ ਨਾਲ ਵਿਕਾਸ ਦੀ ਸਿੱਖਰ ਵਲ ਜਾ ਰਿਹਾ ਹੈ ਉਸਤੋਂ ਵੀ ਕਿਤੇ ਵੱਧ ਤੇਜੀ ਨਾਲ ਮਹਾਂਵਿਨਾਸ਼ ਵੱਲ ਵਧ ਰਿਹਾ ਹੈ।

ਵਿਦਵਾਨਾਂ ਦਾ ਕਥਨ ਹੈ : "ਵਿਗਿਆਨ ਤੋਂ ਬਿਨਾ ਧਰਮ ਲੰਗੜਾ ਹੈ ਅਤੇ ਧਰਮ ਵਿਹੂਣਾ ਵਿਗਿਆਨ ਅੰਨ੍ਹਾ ਹੈ"। ਪਰ ਏਥੇ ਜਿਸ 'ਧਰਮ, ਸ਼ਬਦ ਵਲ ਸੰਕੇਤ ਹੈ – ਉਹ ਹਿੰਦੂ, ਸਿੱਖ, ਮੁਸਲਿਮ, ਈਸਾਈ ਜਾਂ ਬੁੱਧ ਧਰਮ ਨਹੀਂ ਅਤੇ ਨਾ ਹੀ ਕੋਈ ਸੰਪਰਦਾਇਕ ਫਲਸਫਾ। ਇਹ ਸ਼ਬਦ ਕੇਵਲ 'ਧਰਮ' ਹੈ ਜਿਸਦਾ ਭਾਵ ਹੈ – ਇੱਕ ਪਵਿੱਤਰ ਫਰਜ਼। ਸਮੂਹ ਮਾਨਵਤਾ, ਜੀਵ-ਮਾਤਰ ਅਤੇ ਸਮੁੱਚੀ ਕੁਦਰਤ ਪ੍ਰਤੀ ਕਲਿਆਣਕਾਰੀ ਭਾਵਨਾ ਹੀ ਸਰਬ ਸਾਂਝਾ ਅਤੇ ਸਭ ਤੋਂ ਸ੍ਰੇਸ਼ਟ ਧਰਮ ਹੈ ਜਿਸ ਬਾਰੇ ਗੁਰੂ ਅਰਜਨ ਦੇਵ ਜੀ ਦਾ ਫੁਰਮਾਣ ਹੈ –

'ਸਰਬ ਧਰਮ ਮਹਿ ਸ੍ਰੇਸਟ ਧਰਮ॥
ਹਰਿ ਕੋ ਨਾਮ ਜਪ ਨਿਰਮਲ ਕਰਮ॥ –

ਗਿਆਨ, ਵਿਗਿਆਨ ਅਤੇ ਵਿਦਿਆ ਦਾ ਸਾਰ ਤਦ ਹੀ ਸਾਰਥਕ ਹੈ ਜੇ ਉਦੇਸ਼ ਪਰਉਪਕਾਰੀ ਹੋਵੇ, ਕਰਮ ਨਿਰਮਲ ਹੋਣ। ਸਤਿਗੁਰੂ ਜਗਜੀਤ ਸਿੰਘ ਜੀ ਦਾ ਫੁਰਮਾਣ ਹੈ ਕਿ ਜੇ ਉਦੇਸ਼ ਕਲਿਆਣਕਾਰੀ ਹੋਵੇ ਤਾਂ ਵਿਗਿਆਨ ਦੀ ਵਰਤੋਂ ਮਨੁਖਤਾ ਦੇ ਭਲੇ ਲਈ ਹੋਵੇਗੀ -ਅਜੋਕੇ ਸਾਧਨਾਂ,ਜਹਾਜਾਂ ਨਾਲ ਕਿਸੇ ਮੁਸੀਬਤ ਵਿਚ ਘਿਰੇ ਲੋਕਾਂ ਤੱਕ ਰੋਟੀ ਪੁਚਾਈ ਜਾ ਸਕਦੀ ਹੈ, ਉਨ੍ਹਾਂ ਨੂੰ ਬਚਾਇਆ ਜਾ ਸਕਦਾ ਹੈ। ਪਰ ਜੇ ਉਦੇਸ਼ ਲੋਭ ਅਤੇ ਸਵਾਰਥ ਵੱਸ ਕਿਸੇ ਤੇ ਕਬਜਾ ਕਰਨਾ ਹੋਵੇ ਤਾਂ ਉਸੇ ਜਹਾਜ ਨਾਲ ਬੰਬ ਸੁੱਟੇ ਜਾਂਦੇ ਹਨ।

ਵਿਦਿਆ ਪ੍ਰਣਾਲੀ ਜਿਸ ਤਹਿਤ ਮਨੁੱਖ ਦੀ ਸੋਚ ਵਿਕਾਸ ਕਰਦੀ ਹੈ। ਵਿਦਿਆ ਤੇ ਹੀ ਨਿਰਭਰ ਕਰਦਾ ਹੈ ਕਿ ਮਨੁੱਖ ਨੂੰ ਹੈਵਾਨ ਬਣਾ ਦੇਣੇ ਜਾਂ ਦੇਵਤਾ। ਆਦਰਸ਼ ਸਮਾਜ ਦੀ ਸਿਰਜਨਾ ਲਈ ਪਹਿਲੀ ਸ਼ਰਤ 'ਸਾਊ-ਪੁੱਤ' ਹੋਣਾ ਹੈ ਜਦ ਕਿ ਅੱਜ ਦੀ ਵਿਦਿਆ ਪ੍ਰਣਾਲੀ ਦਾ ਉਦੇਸ਼ ਕੇਵਲ ਕਮਾਊ ਪੁੱਤ ਬਨਾਉਣਾ ਹੈ। ਸਿੱਟੇ ਵਜੋਂ ਕੇਵਲ ਵੱਧ ਤੋਂ ਵੱਧ ਧਨ

ਕਮਾਉਣ ਦੇ ਉਦੇਸ਼ ਦੀ ਪੂਰਤੀ ਲਈ ਮਨੁੱਖ ਸਮਾਜ ਦਾ ਅਤੇ ਕੁਦਰਤ ਦਾ ਸ਼ੋਸ਼ਣ ਕਰ ਰਿਹਾ ਹੈ। ਕੁਦਰਤ ਦਾ ਸੰਤੁਲਨ ਵਿਗੜਨ ਨਾਲ ਅਤੇ ਵਾਤਾਵਰਣ ਦੂਸ਼ਿਤ ਹੋਣ ਨਾਲ ਪੂਰੇ ਵਿਸ਼ਵ ਨੂੰ ਤਰ੍ਹਾਂ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਤੇ ਮਹਾਂਵਿਨਾਸ਼ ਵੱਲ ਵਧ ਰਿਹਾ ਹੈ।

ਮਹਾਂਵਿਨਾਸ਼ ਦੇ ਜੋ ਲੱਛਣ ਹੁੰਦੇ ਹਨ ਉਹ ਅੱਜ ਸਭ ਦੇ ਸਾਮ੍ਹਣੇ ਪਰਤੱਖ ਹਨ। ਜਦੋਂ ਮਿੱਟੀ (ਧਰਤੀ), ਪਾਣੀ (ਦਰਿਆ) ਅਤੇ ਪੌਣ (ਵਾਤਾਵਰਣ) ਜ਼ਹਿਰੀਲੇ ਹੋ ਜਾਣ ਉਦੋਂ ਮਹਾਂਮਾਰੀਆਂ ਨੂੰ ਕੋਈ ਨਹੀਂ ਰੋਕ ਸੱਕਦਾ। ਧਰਤੀ, ਪਾਣੀ ਅਤੇ ਹਵਾ ਜਿੰਨੀ ਲੱਖਾਂ ਵਰ੍ਹਿਆਂ ਵਿਚ ਦੂਸ਼ਿਤ ਨਹੀਂ ਸੀ ਹੋਈ, ਮਨੁੱਖ ਨੇ ਉਸ ਤੋਂ ਕਿਤੇ ਵੱਧ ਇਕ ਸਦੀ ਵਿੱਚ ਹੀ ਸਭ ਕੁਝ ਏਨਾਂ ਜ਼ਹਿਰੀਲਾ ਕਰ ਲਿਆ ਹੈ ਕਿ ਜੇ ਇਹ ਪ੍ਰਕਿਰਿਆ ਏਸੇ ਗਤੀ ਨਾਲ ਜਾਰੀ ਰਹੀ ਤਾਂ ਅਗਲੀ ਸਦੀ ਤੱਕ ਇਹ ਧਰਤੀ ਮਨੁੱਖ ਦੇ ਜੀਊਣ ਜੋਗੀ ਨਹੀਂ ਰਹੇਗੀ।

-ਸਿਹਤ ਅਤੇ ਸਿੱਖਿਆ, ਜੋ ਜੀਵਨ-ਦਾਨ ਅਤੇ ਵਿਦਿਆ-ਦਾਨ ਇਕ ਪਰਉਪਕਾਰੀ ਫਰਜ਼ ਸਮਝਿਆ ਜਾਂਦਾ ਸੀ ਅੱਜ ਵਪਾਰ ਬਣ ਚੁੱਕਾ ਹੈ। ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਅਤੇ ਹਸਪਤਾਲ ਆਪਣੇ ਮੁਨਾਫੇ ਦਾ ਗਰਾਫ ਲਗਾਤਾਰ ਉੱਪਰ ਲੈ ਜਾਣ ਲਈ ਲੋਕਾਂ ਦੀ ਸੇਹਤ ਅਤੇ ਉਨ੍ਹਾਂ ਦੇ ਜੀਵਨ ਨਾਲ ਖਿਲਵਾੜ ਕਰਨੋ ਵੀ ਪ੍ਰਹੇਜ ਨਹੀਂ ਕਰਦੇ।

-ਮਨੁੱਖ ਅਪਣੇ ਮੁਨਾਫੇ, ਜ਼ੁਬਾਨ ਦੇ ਸੁਆਦ ਅਤੇ ਐਸ਼ੋ ਅਰਾਮ ਲਈ ਜੀਵ-ਜੰਤੂਆਂ ਅਤੇ ਬਨਸਪਤੀ ਦਾ ਘਾਣ ਕਰ ਰਿਹਾ ਹੈ। -ਰਸਾਇਣਿਕ ਖਾਦਾਂ ਅਤੇ ਕੀਟ ਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਕਾਰਣ ਸਾਡਾ ਭੋਜਨ ਵੀ ਜ਼ਹਿਰੀਲਾ ਹੋ ਚੁੱਕਾ ਹੈ।

-ਇਸ ਬ੍ਰਹਿਮੰਡ ਜਾਂ ਸਾਡੀ ਏਸ ਅਕਾਸ਼ ਗੰਗਾ ਵਿਚ ਇੱਕੋ ਇਕ ਗ੍ਰਹਿ (ਧਰਤੀ) ਜਿਸਤੇ ਜੀਵ ਜੰਤੂ, ਰੁੱਖ ਅਤੇ ਮਨੁੱਖ ਹਨ ਉਸਤੇ ਵੱਸਣ ਵਾਲਾ ਮਨੁੱਖ ਆਪਣੇ ਹੀ ਇਸ ਆਸ਼ਿਆਨੇ (ਧਰਤੀ) ਪ੍ਰਤੀ ਥੋੜਾ ਜਿਹਾ ਵੀ ਸੁਹਿਰਦ ਹੁੰਦਾ ਤਾਂ ਹੀਰੋਸ਼ੀਮਾ ਤੇ ਨਾਗਾਸਾਕੀ ਤੇ ਸੁੱਟੇ ਗਏ ਐਟਮ ਬੰਬਾਂ ਦੀ ਤਬਾਹੀ ਵੇਖ ਕੇ ਕੰਨਾਂ ਨੂੰ ਹੱਥ ਲਾ ਲੈਂਦਾ ਕਿ ਇਹ ਬਹੁਤ ਬੁਰੀ ਖੋਜ ਹੈ। ਅੱਗੇ ਤੋਂ ਅਜੇਹੇ ਹਥਿਆਰ ਬਣਾਉਣ ਬਾਰੇ ਸੋਚਦਾ ਵੀ ਨਾ।ਪਰ 'ਵਿਨਾਸ਼ ਕਾਲੇ ਵਿਪਰੀਤ ਬੁੱਧੀ, ਵਾਲੀ ਗਲ ਹੀ ਹੈ ਕਿ ਲੋਭੀ ਅਤੇ ਸਵਾਰਥੀ ਮਨੁੱਖ ਨੇ ਏਨੇ ਪਰਮਾਣੂ ਹਥਿਆਰ ਬਣਾ ਲਏ ਹਨ ਕਿ ਐਹੋ ਜਹੀਆਂ ਕਈ ਧਰਤੀਆਂ ਨੂੰ ਮਨੁੱਖ ਅਤੇ ਜੀਵ-ਜੰਤੂ ਵਿਹੂਣੀ ਬੰਜਰ ਧਰਤੀ ਬਣਾਇਆ ਜਾ ਸਕਦਾ ਹੈ।

ਪਰਮਾਣੂ ਹਥਿਆਰਾਂ ਤੋਂ ਵੀ ਘਟੀਆ ਖੋਜ ਅਤੇ ਮਨੁੱਖ ਦੀ ਇਕ ਹੋਰ ਨੀਚ ਪ੍ਰਾਪਤੀ ਹੈ - 'ਜੈਵਿਕ ਹਥਿਆਰ'। ਜਿਨ੍ਹਾਂ ਨਾਲ ਮਹਾਂਮਾਰੀਆਂ ਫੈਲਾਈਆ ਜਾ ਸਕਦੀਆਂ ਹਨ। ਇਹ ਉਨ੍ਹਾਂ ਮਨੁੱਖਾਂ ਦੀਆਂ ਖੋਜਾਂ ਹਨ ਜਿਹਨਾਂ ਪਾਸ ਗਿਆਨ-ਵਿਗਿਆਨ ਤਾਂ ਹੈ ਪਰ ਨੈਤਿਕਤਾ ਨਹੀਂ, ਇਨਸਾਨੀਅਤ ਨਹੀਂ - ਕੇਵਲ ਹੈਵਾਨੀਅਤ ਹੈ।
ਲੋਭ ਹੀ ਪਾਪ ਦਾ ਬਾਪ ਹੈ। ਗੁਰੂ ਸਾਹਿਬ ਲੋਭੀ ਮਨੁੱਖ ਨੂੰ ਹਲਕਾਏ ਕੁੱਤੇ ਦੀ ਸੰਗਿਆ ਦੇਂਦੇ ਹਨ -

'ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ'॥

ਲਾਲਚੀ ਮਨੁੱਖ ਉਸ ਹਲਕਾਏ ਕੁੱਤੇ ਵਾਂਗ ਹੋ ਜਾਂਦਾ ਹੈ ਜਿਸਨੂੰ ਆਪਣਾ ਪਰਾਇਆ ਕੁੱਝ ਨਹੀਂ ਸੁੱਝਦਾ। ਹਉਮੈ, ਲੋਭ ਅਤੇ ਕਰੋਧ ਮਨੁੱਖ ਨੂੰ ਹੈਵਾਨ ਬਣਾ ਦੇਂਦੇ ਹਨ। ਲੋਭੀ ਅਤੇ ਸਵਾਰਥੀ ਮਨੁੱਖ ਜਿਨਾਂ ਸਿਆਣਾ ਹੋਵੇਗਾ ਓਨਾ ਹੀ ਘਾਤਕ ਹੋਵੇਗਾ। ਅੱਜ ਦੀ ਰਾਜਨੀਤੀ ਅਤੇ ਆਮ ਮਨੁੱਖਾਂ ਵਿੱਚ ਵੀ ਬਹੁਤਾਤ ਲੋਭੀ, ਕਪਟੀ ਅਤੇ ਸਵਾਰਥੀ ਮਨੁੱਖਾਂ ਦੀ ਹੋ ਚੁੱਕੀ ਹੈ।

ਭਾਰਤ ਦੇ ਰਾਸ਼ਟਰਪਤੀ, ਮਹਾਨ ਵਿਦਿਵਾਨ ਡਾ. ਰਾਧਾਕ੍ਰਿਸ਼ਨਨ ਜੀ ਦਾ ਕਥਨ ਹੈ: “ਕੋਈ ਵਿਅਕਤੀ, ਕੌਮ ਜਾਂ ਦੇਸ਼ ਜਿਨਾਂ ਮਰਜੀ ਸ਼ਕਤੀਸ਼ਾਲੀ ਹੋਵੇ ਜਦੋਂ ਉਹ ਨੈਤਿਕ ਆਧਾਰ ਛਡ ਦੇਂਦਾ ਹੈ ਤਾਂ ਉਸਦਾ ਪਤਨ ਹੋ ਜਾਂਦਾ ਹੈ”। ਇਤਿਹਾਸ ਵਿਚ ਅਨੇਕਾਂ ਸ਼ਕਤੀਸ਼ਾਲੀ ਕੌਮਾਂ ਦੇ ਪਤਨ ਅਤੇ ਵਿਨਾਸ਼ ਦੇ ਅਜੇਹੇ ਅਨੇਕਾਂ ਪ੍ਰਮਾਣ ਮੌਜੂਦ ਹਨ। ਕਰੋਨਾ ਮਹਾਂਮਾਰੀ ਮਨੁੱਖ ਦੀ ਕਰਨੀ ਦੀ ਸਜਾ ਹੈ, ਕੁਦਰਤ ਵੱਲੋਂ ਪ੍ਰਤੀਕਰਮ ਵਜੋਂ ਮਹਾਂਵਿਨਾਸ਼ ਦਾ ਇਕ ਟ੍ਰੇਲਰ ਮਾਤਰ ਹੈ।

ਇਸ ਧਰਤੀ ਨੂੰ ਵੱਸਣਯੋਗ ਬਣਾਉਣ ਲਈ, ਮਨੁੱਖ ,ਜੀਵ-ਜੰਤ ਅਤੇ ਕੁਦਰਤ ਦੀ ਰੱਖਿਆ ਲਈ ਮਨੁੱਖ ਨੂੰ ਆਪਣੀ ਸੋਚ ਅਤੇ ਆਪਣਾ ਦ੍ਰਿਸ਼ਟੀਕੋਣ ਬਦਲਣ ਦੀ ਲੋੜ ਹੈ।

ਸਤਿਗੁਰੂ ਜਗਜੀਤ ਸਿੰਘ ਜੀ, ਜਿਨਾਂ ਨੇ ਅੱਧੀ ਸਦੀ ਤੋਂ ਵੱਧ, ਆਪਣੇ ਗੁਰਤਾ ਕਾਲ ਵਿੱਚ ਸਮੁੱਚੇ ਸਮਾਜ ਨੂੰ ਸ਼ਾਂਤੀ ਅਤੇ ਸਦਭਾਵਨਾ ਦਾ ਪਾਠ ਪੜ੍ਹਾਇਆ। ਵਿਸ਼ਵ ਅਮਨ ਕੌਂਸਲ ਵਿਚ ਸਰਗਰਮੀ ਨਾਲ ਕੰਮ ਕਰਦਿਆਂ ਵਿਸ਼ਵ ਅਮਨ ਸਥਾਪਿਤ ਕਰਨ ਲਈ ਅਨੇਕਾਂ ਯਤਨ ਕੀਤੇ। ਆਪਜੀ ਦੇ ਪ੍ਰਵਚਨ ਅੱਜ ਵੀ ਮਨੁੱਖਤਾ ਲਈ ਪ੍ਰਕਾਸ਼ ਦਾ ਸ੍ਰੋਤ ਅਤੇ ਆਸ ਦੀ ਕਿਰਨ ਹਨ। ਆਪ ਜੀ ਦੇ ਕੁਝ ਕਥਨ ਪਾਠਕਾਂ ਦੇ ਦ੍ਰਿਸਟੀਗੋਚਰ ਹਨ ਜੋ ਆਦਰਸ਼ ਸਮਾਜ ਸਿਰਜਨ ਲਈ ਸਮੁੱਚੀ ਮਾਨਵਤਾ ਦਾ ਮਾਰਗ ਦਰਸ਼ਨ ਕਰ ਸੱਕਦੇ ਹਨ।

"ਝਗੜੇ ਵਾਲੀਆਂ ਸ਼ਕਤੀਆਂ ਜਿਆਦਾ ਤੇਜ ਹੁੰਦੀਆਂ ਜਾਂਦੀਆਂ ਹਨ ਅਤੇ ਝਗੜਾ ਮਿਟਾਉਣ ਵਾਲੀਆਂ ਘੱਟ ਹੁੰਦੀਆਂ ਜਾ ਰਹੀਆਂ ਹਨ। ਦੱਸਦੇ ਹਨ ਕਿ ਅਮਰੀਕਾ ਤੋਂ ਰੂਸ ਤੱਕ, ਮਾਰੂ ਹਥਿਆਰ, ਮਿਜ਼ਾਈਲ ਵਗੈਰਾ ਪਹੁੰਚਨ ਤੇ ਕੇਵਲ ਪੰਜ ਮਿੰਟ ਲੱਗਣਗੇ ਅਤੇ ਜੇ ਯੂਰਪ ਵਿੱਚੋਂ ਚਲਾਇਆ ਜਾਵੇ ਤਾਂ ਢਾਈ ਤਿੰਨ ਮਿੰਟ ਲੱਗਣਗੇ। ਜਿਥੇ ਨਿਸ਼ਾਨਾ ਮਿਥਿਆ ਹੈ, ਇੱਕ ਫੁੱਟ ਦੇ ਅੰਦਰ ਅੰਦਰ ਡਿੱਗੇਗਾ। ਕਿੰਨੀ ਚੇਤਨਾ ਹੈ, ਕਿੰਨੀ ਪ੍ਰਗਤੀ ਹੋ ਗਈ ਹੈ ਏਸ ਪਾਸੇ ਦੀ, ਕਿਉਂਕਿ ਏਧਰ ਲਗਨ ਲੱਗੀ ਹੈ। ਪਰ ਜੇ ਇਹ ਲਗਨ ਲਗ ਜਾਵੇ,ਸਾਰੇ ਦੇਸ਼ ਏਸ ਵਾਸਤੇ ਯਤਨ ਕਰਨ ਕਿ ਸਾਰੀ ਦੁਨੀਆਂ ਤੇ ਕੋਈ ਭੁੱਖਾ ਨਾ ਰਹੇ, ਕੋਈ ਨੰਗਾ ਨਾ ਰਹੇ, ਕੋਈ ਬੇ-ਘਰਾ ਨਾ ਰਹੇ ਤਾਂ ਮੈਂ ਸਮਝਦਾ ਹਾਂ ਕਿ ਇਹ ਕੋਈ ਔਖੀ ਗਲ ਨਹੀਂ"।

"ਅੱਜ ਵੱਡੇ ਵੱਡੇ ਬੰਬ ਬਣਾ ਦਿੱਤੇ ਨੇ, ਇਸ ਵਿੱਚੋਂ ਬਚਾਅ ਦਾ ਕੋਈ ਸਾਧਨ ਨਹੀਂ ਕਿ ਜਿਨਾਂ ਚਿਰ ਗੁਰੂ ਨਾਨਕ ਦੇ ਮਿਸ਼ਨ ਤੇ ਨਹੀਂ ਚਲਦੇ। ਗੁਰੂ ਨਾਨਕ ਦਾ ਮਿਸ਼ਨ ਹਿੰਸਾ ਦਾ ਤਿਆਗ, ਮਨ, ਬਾਣੀ, ਸਰੀਰ ਕਰਕੇ। ਭੁੱਖੇ ਨੂੰ ਰੋਟੀ, ਨੰਗੇ ਨੂੰ ਕਪੜਾ ਅਤੇ ਗਊ-ਗਰੀਬ ਦੀ ਰੱਖਿਆ ਕਰਨਾ ਹੈ।"

ਅੱਜ ਦੀ ਸਿਖਿਆ ਪ੍ਰਣਾਲੀ ਸਾਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਵਾਉਂਦੀ ਹੈ। ਆਪਣੇ ਹੱਕਾਂ ਲਈ ਜੂਝਣਾ ਸਿਖਾਉਂਦੀ ਹੈ ਪਰ ਵਰਤਾਰੇ ਵਿੱਚ ਅੱਜ ਦਾ ਮਨੁੱਖ ਵਪਾਰੀ ਬਣ ਚੁੱਕਾ ਹੈ, ਉਹ ਆਪਣੇ ਹੱਕਾਂ ਨੂੰ ਬਚਾਉਣ ਅਤੇ ਦੂਸਰੇ ਦੇ ਹੱਕ ਖੋਹਣ ਲਈ ਮਾਰੂ ਹਥਿਆਰ ਬਣਾ ਰਿਹਾ ਹੈ, ਸਿੱਟੇ ਵਜੋਂ ਘਰਾਂ-ਘਰਾਂ ਵਿਚ, ਸਮਾਜ ਵਿਚ, ਧਰਮਾਂ, ਕੌਮਾਂ ਅਤੇ ਦੇਸ਼ਾਂ ਵਿਚ ਅਸ਼ਾਂਤੀ ਵਧਦੀ ਜਾ ਰਹੀ ਹੈ। ਵਿਸ਼ਵ ਸ਼ਾਤੀ ਸਥਾਪਿਤ ਕਰਨ ਲਈ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਮਤਿ ਫਲਸਫੇ ਦਾ ਮੂਲ-ਮੰਤਰ ਦੱਸਿਆ ਹੈ- "ਆਪਣੇ ਹੱਕ ਚੋਂ ਦਾਨ ਕਰੋ, ਦੂਸਰੇ ਦੇ ਹੱਕ ਦੀ ਰਾਖੀ ਕਰੋ ਤਾਂ ਸਾਰੇ ਝਗੜੇ ਮੁੱਕ ਸਕਦੇ ਹਨ, ਵਿਸ਼ਵ ਸ਼ਾਂਤੀ ਸਥਾਪਿਤ ਹੋ ਸਕਦੀ ਹੈ"।

ਸੱਚਮੁੱਚ ਹੀ ਅਰੋਗ ਸਮਾਜ ਸਿਰਜਨ ਲਈ,ਮਨ ਤੇ ਤਨ ਦੀ ਅਰੋਗਤਾ ਲਈ ਗੁਰੂ ਨਾਨਕ ਫਲਸਫਾ, ਸਤਿ, ਸੰਤੋਖ, ਸੰਜਮ, ਸਾਦਗੀ ਅਤੇ ਨਿਮਰਤਾ ਹੀ ਇੱਕੋ-ਇੱਕ ਰਸਤਾ ਹੈ। 'ਕਿਰਤ ਕਰਨੀ, ਵੰਡ ਛਕਣਾ, ਨਾਮ ਜੱਪਣਾ ਅਤੇ ਸਰਬਤ ਦੇ ਭਲੇ ਦੀ ਕਾਮਨਾ ਕਰਨੀ ਜੇ ਅੱਜ ਦੇ ਮਨੁੱਖ ਦੀ ਜੀਵਨ ਜਾਚ ਹੋਵੇ ਤਾਂ 'ਲੋਕ ਸੁਖੀ ਅਤੇ ਪਰਲੋਕ ਸੁਹੇਲਾ' ਹੋ ਸਕਦਾ ਹੈ, ਧਰਤੀ ਸਵਰਗ ਬਣ ਸਕਦੀ ਹੈ।

- ਹਰਪਾਲ ਸਿੰਘ ਸੇਵਕ,
ਸੰਪ: 94176-01321
ਸ੍ਰੀ ਭੈਣੀ ਸਾਹਿਬ

## ਸਦ ਉਪਦੇਸ਼

### ਸ੍ਰੀ ਸਤਿਗੁਰੂ ਉਦੇ ਸਿੰਘ ਜੀ

3 ਅਪ੍ਰੈਲ 2020
ਨਾਮਧਾਰੀ ਫਾਰਮ (ਬੰਗਲੌਰ)

## ਕਰੋਨਾ ਵਾਇਰਸ (ਮਹਾਂਮਾਰੀ) ਦੇ ਚਲਦਿਆਂ -ਸਮੂਹ ਦੇਸ਼ ਵਾਸੀਆਂ ਦੇ ਨਾਮ-



ਪ੍ਰਿਯ ਦੇਸ਼ ਵਾਸੀਓ, ਆਜ ਹਮਾਰਾ ਦੇਸ਼ ਔਰ ਪੂਰੀ ਮਾਨਵਜਾਤੀ ਏਕ ਬਹੁਤ ਕਠਨ ਸਮਯ ਸੇ ਗੁਜ਼ਰ ਰਹੀ ਹੈ। ਮਾਹਾਂਮਾਰੀ ਕੋਵਿਡ-19 ਕੀ ਵਜਹ ਸੇ ਹਜ਼ਾਰੋਂ ਮੌਤੇਂ ਹੋ ਚੁਕੀ ਹੈਂ, ਔਰ ਹਜ਼ਾਰੋਂ ਲੋਗ ਪੀੜਤ ਹੈਂ। ਹਮਾਰੇ ਦੇਸ਼ ਮੇਂ ਇਸ ਕਾ ਅਸਰ ਅਭੀ ਤੱਕ ਇਤਨਾ ਨਹੀਂ ਹੂਆ। ਇਸ ਕੇ ਲੀਏ ਮੈਂ ਸਰਕਾਰ ਕੋ ਧੰਨਵਾਦ ਦੇਤਾ ਹੂੰ, ਜਿਨਹੋਂ ਨੇ ਸਮਯ ਪਰ ਪ੍ਰੀਕਾਸ਼ਨਜ਼ ਲੀਏ ਔਰ ਇਸ ਕੋ ਫੈਲਣੇ ਸੇ ਰੋਕਾ। ਲੋਕਡਾਊਨ (ਬੰਦ) ਆਪ ਸਭ ਕੋ ਬਹੁਤ ਮੁਸ਼ਕਿਲ ਲਗਤਾ ਹੋਗਾ, ਲੇਕਿਨ ਯੇਹ ਹਮਾਰੇ ਸਭ ਕੇ ਲੀਏ ਹੈ, ਔਰ ਹਮਾਰੇ ਦੇਸ਼ ਕੇ ਲੀਏ, ਹਮਾਰੇ ਪ੍ਰਿਯ ਜਨੋਂ ਕੇ ਲੀਏ, ਹਮੇਂ ਇਸ ਕੋ ਬਹੁਤ ਡਿਸਿਪਲਨ ਸੇ ਪੂਰਾ ਕਰਨਾ ਚਾਹੀਏ। ਤਾ ਕਿ ਇਸ ਮਹਾਂਮਾਰੀ ਕਾ ਲਿੰਕ ਟੂਟ ਸਕੇ, ਇਸ ਸਮਯ ਬਹੁਤ ਮੁਸ਼ਕਿਲੇਂ ਆਏਂਗੀ, ਖਾਸ ਕਰਕੇ ਜੋ ਲੋਗ ਇਕਨੌਮੀਕਲੀ ਬਹੁਤ ਸਟਰੌਂਗ ਨਹੀਂ ਹੈਂ, ਹਮਾਰੇ ਦੇਸ਼ ਵਾਸੀ ਜੋ ਲੇਬਰ ਕਰਤੇ ਹੈਂ, ਬਹੁਤ ਸੇ ਪ੍ਰਦੇਸ਼ੋਂ ਮੇਂ ਜੋ ਮਾਈਗਰੇਟ ਲੇਬਰ ਹੈ ਉਨਕੇ ਲੀਏ ਬਹੁਤ ਸੀ ਮੁਸ਼ਕਿਲੇਂ ਆਏਂਗੀ। ਮੈਂ ਸਭ ਸੇ ਯਹ ਕਹਨਾ ਚਾਹੂੰਗਾ ਕਿ ਜਹਾਂ ਜਹਾਂ ਭੀ ਉਨਕੀ ਮਦਦ ਕੀ ਜ਼ਰੂਰਤ ਪੜੇ, ਆਪ ਦਿਲ ਖੋਲ ਕਰ ਉਨਕੀ ਮਦਦ ਕਰੀਏ। ਇਸ ਸੇ ਹਮਾਰਾ ਸਭ ਕਾ ਹੀ ਭਲਾ ਹੈ। ਆਖਿਰ ਮੈਂ ਯੇਹ ਕਹਨਾ ਚਾਹੂੰਗਾ ਆਪ ਜਿਸ-ਜਿਸ ਢੰਗ ਸੇ ਭਗਵਾਨ ਕੋ ਮਾਨਤੇ ਹੈਂ। ਦੇਣੇ ਵਾਲਾ, ਬਖ਼ਸ਼ ਕਰਨੇ ਵਾਲਾ, ਕ੍ਰਿਪਾ ਕਰਨੇ ਵਾਲਾ ਏਕ ਹੀ ਹੈ। ਅਪਨੇ-ਅਪਨੇ ਢੰਗ ਸੇ ਉਸਕੇ ਚਰਨੋਂ ਮੇਂ ਪ੍ਰਾਰਥਨਾ ਕਰੋ ਕਿ ਯਹ ਮਹਾਂਮਾਰੀ ਜਲਦੀ ਸੇ ਜਲਦੀ ਖਤਮ ਹੋ ਤਾਂ ਕਿ ਪੂਰਾ ਵਿਸ਼ਵ ਸ਼ਾਂਤੀ ਕੇ ਸਾਥ ਬਸ ਸਕੇ। ਮੈਂ ਯਹੀ ਕਹਿਤਾ ਹੁਆ ਸਭ ਕਾ ਧੰਨਵਾਦ ਕਰਤਾ ਹੂੰ।

# Updesh

## Sri Satguru Uday Singh Ji

5 April 2020
Namdhari Farm (Bangalore)

Today everybody is talking about Covid-19 or Coronavirus. Do we realize how this virus started, maybe many of you would have read that it started from bats and jumped to pangolin which is a reptile present in China and India. The people who are aware of Chinese wet markets know how live animals are traded for killing and eating in these so-called wet markets. They are called wet because there is always splashing of water to clean them from the animal waste and blood etc., There had been an appeal from some people in the USA to Chinese Government to close these wet markets since most of the viruses in the recent years have started from these animal market like SARS. Even H1N1 has also jumped from animals to humans, the same is the case of Ebola.

Wet markets put people and live and dead animals like dogs, chickens, bats, pigs, snakes, civet cats, and more together in constant close contacts which makes it easy for such viruses to jump from animals to humans. Many of the times live animals are butchered in front of customers and given to them.

You can also see different kinds of snakes in the glass jars which are cut from both ends and eaten. A similar scenario is sometimes seen in the Thai market also.

Even some people who visit restaurants in China are aware, live fish is brought to the table, killed in front of the customers, sometimes it's still moving when served to eat.

If I come to the place where we work, I have seen pigs hung on the fire, tied when animals are still live and roasted for a feast.

I believe many of you would have seen, there is so much cruelty in the name of the food, if you see how some of these animals are killed, it's difficult to have your food. During this pandemic and difficult time for humans, which may change how we live in the future.

I would like to suggest our colleagues if you are convinced please turn to vegetarianism and save some animals from the cruelty they have to suffer. Many of you also believe in re-incarnation which most of the Indian religions believe, in this case, we don't know what has incarnated as a pig or buffalo or another animal and whom we are eating.

This is just a humble request. I shall feel very happy if some of you stop eating animals at least we shall be saving some lives and reducing cruelty from this earth.

Uday Singh

# ਕੁਦਰਤ ਨਾਲ ਖਿਲਵਾੜ ਤੇ ਕਰੋਨਾ ਦਾ ਕਹਿਰ

- ਡਾ. ਨਿਰਮਲ ਸਿੰਘ ਪੰਜਾਬੀ ਸੱਥ ਲਾਂਬੜਾ (ਜਲੰਧਰ)

ਅਨੰਤ ਬ੍ਰਹਿਮੰਡ ਦੇ ਅਸੀਮ ਤਾਣੇ-ਬਾਣੇ ਦਾ ਹਿੱਸਾ ਹੈ, ਸਾਡਾ ਸੂਰਜੀ ਮੰਡਲ। ਸੂਰਜ ਦਾ ਆਰ-ਪਰਵਾਰ ਨੇ ਇਹਦੇ ਆਲੇ-ਦਵਾਲੇ ਘੁੰਮਦੇ ਗ੍ਰਹਿ-ਉਪਗ੍ਰਹਿ ਅਰਥਾਤ ਚੰਦ ਤੇ ਧੂਮ-ਕੇਤੂ। ਇਨ੍ਹਾਂ ਦਾ ਪੈਂਡਾ ਕਰੋੜਾਂ ਅਰਬਾਂ ਕੋਹਾਂ ਦਾ ਹੋਣ ਕਰਕੇ ਅੰਤਹੀਣ, ਬੇਅੰਤ ਹੈ। ਗੱਲ ਆਪਣੀ ਮਾਂ ਧਰਤੀ ਦੀ ਕਰੀਏ ਤਾਂ ਸੂਝਵਾਨ ਸਿਆਣਿਆਂ ਦਾ ਕਹਿਣਾ ਹੈ ਕਿ ਇੱਥੇ ਨਿਰਜੀਵ ਪਦਾਰਥਾਂ ਦੇ ਕਰੋੜਾਂ ਵਰ੍ਹੇ ਸਜੀਵ ਜੀਵਨ ਦੀ ਅੰਕੁਰ ਬੇਹੱਦ ਮਹੀਨ ਕਣ ਵਾਇਰਸ ਦੇ ਰੂਪ ਵਿੱਚ ਫੁੱਟੀ। ਉਹਦੀ ਗਿਣਤੀ-ਮਿਣਤੀ ਵੀ ਨਿਰੰਤਰ ਵਧਦੀ ਰਹੀ ਤੇ ਉਹ ਰੂਪ ਵਟਾਉਂਦਾ ਲਗਾਤਾਰ ਵਿਕਸਤ ਹੁੰਦਾ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਬਨਸਪਤ ਜਗਤ ਤੇ ਜੀਵ ਸੰਸਾਰ ਦੀਆਂ ਲੱਖਾਂ ਵੰਨਗੀਆਂ, ਲੱਖਾਂ ਵਰ੍ਹਿਆਂ ਵਿੱਚ ਧਰਤੀ 'ਤੇ ਪਸਰ ਗਈਆਂ। ਵਾਇਰਸ ਦੀਆਂ ਅਨੇਕਾਂ ਕਿਸਮਾਂ ਵੀ ਰੁੱਖਾਂ-ਬੂਟਿਆਂ ਤੇ ਜੀਵ-ਜੰਤੂਆਂ ਦੇ ਜਿਸਮਾਂ ਵਿੱਚ ਜੀਵਨ ਲਈ ਫਾਇਦੇਮੰਦ ਤੇ ਨੁਕਸਾਨਦੇਹ ਕਿਰਦਾਰ ਸਮੇਂ ਤੇ ਸਥਾਨ ਅਨੁਸਾਰ ਨਿਭਾਉਂਦੀਆਂ ਆ ਰਹੀਆਂ ਹਨ। ਕੁਦਰਤ ਨੇ ਸਮੁੱਚੇ ਜੀਵ-ਜੰਤੂਆਂ ਦਾ ਵਿਕਾਸਮਈ ਸਮਤੋਲ ਬਰਕਰਾਰ ਰੱਖਣ ਦਾ ਪੁਖਤਾ ਪ੍ਰਬੰਧ ਵੀ ਸਦਾ ਹੀ ਕਾਇਮ ਰੱਖਿਆ ਹੈ। ਮਿਸਾਲ ਦੇ ਤੌਰ 'ਤੇ ਇੱਕ ਜੰਗਲ ਵਿੱਚ ਮਾਸਾਹਾਰੀ ਸ਼ੇਰ ਤੇ ਸ਼ਾਕਾਹਾਰੀ ਹਿਰਨ ਖੁੱਲ੍ਹੇ-ਡੁੱਲ੍ਹੇ ਵਿਚਰਦੇ ਰਹੇ। ਇੰਝ ਹੀ ਵਾਇਰਸ, ਬੈਕਟੀਰੀਆ ਦੀ ਕਹਾਣੀ ਹੈ। ਅਸਮਾਨ, ਸਮੁੰਦਰੀ ਜੀਵਾਂ ਦਾ ਜੀਵਨ ਬਿਰਤਾਂਤ ਵੀ ਇਹੋ ਸਮਝਾਉਂਦਾ ਹੈ ਕਿ ਥੋੜੀ ਗਿਣਤੀ ਵਾਲੇ ਵੱਡੇ ਸਮੁੰਦਰੀ ਮੱਛ-ਕੱਛ ਆਪਣਾ ਅਹਾਰ ਬੇਹਿਸਾਬੀ ਵੱਡੀ ਗਿਣਤੀ ਵਾਲੇ ਜੀਵਾਂ ਨੂੰ ਹੀ ਬਣਾਉਂਦੇ ਹਨ।

ਵਿਗਾੜ ਕਿੱਥੇ ਪਿਆ ? ਜਦੋਂ ਵੀ ਇਹ ਸਮਤੋਲ ਵਿਗੜਿਆ ਤਾਂ ਸਿੱਟੇ ਭਿਆਨਕ ਨਿੱਕਲੇ। ਧੜਵੈਲ ਵੱਡ-ਆਕਾਰੀ ਡਾਇਨਾਸੋਰਾਂ ਨੂੰ ਜਦੋਂ ਆਪਣੀ ਹੀ ਭੁੱਖ ਨੇ ਸਤਾਇਆ ਤਾਂ ਉਹਨਾਂ ਧਰਤੀ ਦੇ ਛੋਟੇ ਜੀਅ-ਜੰਤ ਤਾਂ ਇੱਕ ਪਾਸੇ, ਬਨਸਪਤੀ ਦੀ ਵੀ ਅਲਖ ਮੁਕਾਉਣ 'ਚ ਅੱਤ ਕਰ ਦਿੱਤੀ। ਆਖਰਕਾਰ ਉਹ ਆਪਣੀ ਹੀ ਹਵਸ ਦੇ ਸ਼ਿਕਾਰੀ ਹੋ ਕੇ ਸਦਾ-ਸਦਾ ਲਈ ਇਸ ਰੰਗਲੀ ਧਰਤੀ ਤੋਂ ਅਲੋਪ ਹੋ ਗਏ। ਉਦਾਹਰਨਾਂ ਹੋਰ ਵੀ ਦਿੱਤੀਆਂ ਜਾ ਸਕਦੀਆਂ ਨੇ। ਅਸੀਂ ਆਪਣੇ ਵਿਸ਼ੇ ਨੂੰ ਮੋੜਾ ਕੱਟੀਏ। ਮਨੁੱਖ ਜਾਤੀ ਨੇ ਭਰਮ ਪਾਲ ਲਿਆ ਕਿ ਉਹ ਸਾਰੇ ਜੀਅ-ਜੰਤੂ ਤੋਂ ਉੱਤੇ ਤੇ ਵੱਧ ਸਿਆਣੀ ਹੈ। ਉਹਨੇ ਕੁਦਰਤੀ ਵਰਤਾਰਿਆਂ ਨਾਲ ਹੋਏ ਵਿਕਾਸ ਦੇ ਇਤਿਹਾਸ ਨੂੰ ਸਮਝਣ ਦੀ ਥਾਂ ਆਪਣੀ ਨਿੱਜਵਾਦੀ ਸੋਚ ਕਾਰਨ ਕੁਦਰਤ 'ਤੇ ਹੀ ਕਾਠੀ ਪਾਉਣ ਦੀ ਠਾਣ ਲਈ। ਇਸ ਵਰਤਾਰੇ ਨੂੰ ਮਨੁੱਖ ਨੇ ਵਿਕਾਸ, ਤਰੱਕੀ, ਅੱਗੇ ਵਧਣ, ਸੱਭਿਅਕ, ਆਧੁਨਿਕ, ਉਸਾਰੂ, ਪ੍ਰਗਤੀਵਾਦੀ ਤੇ ਪਤਾ ਨਹੀਂ ਹੋਰ ਕਿੰਨੇ ਕੁ ਨਾਂ ਦੇ ਕੇ ਵਿਗਿਆਨ ਨੂੰ ਵੀ ਵਿੱਚ ਹੀ ਘੜੀਸ ਲਿਆ। ਹਕੀਕਤ ਵਿੱਚ ਵਿਗਿਆਨ, ਗਿਆਨ ਦੀ ਉਹ ਸ਼ਾਖ ਹੈ, ਜਿਸ ਰਾਹੀਂ ਅਸੀਂ ਕੁਦਰਤੀ ਵਰਤਾਰਿਆਂ ਦੀ ਥਾਹ ਪਾ ਕੇ ਕੁਦਰਤ ਨਾਲ ਇੱਕਸੁਰ ਹੋ ਕੇ ਕਿਸੇ ਸਿੱਟੇ 'ਤੇ ਪੁੱਜਦੇ ਹਾਂ। ਇਹ ਵਰਤਾਰਾ ਭਾਵੇਂ ਕਾਫੀ ਪੁਰਾਣਾ ਹੈ ਪਰ ਅਜੋਕੇ ਸਮਿਆਂ 'ਚ ਇਹਦਾ ਮੁੱਢ ਸਤਾਰਵੀਂ-ਅਠਾਰਵੀਂ ਸਦੀ ਵਿੱਚ ਬੱਝਦਾ ਹੈ।

ਸਨਅਤੀ ਇਨਕਲਾਬ ਕਾਰਨ ਨਿੱਕੇ-ਨਿੱਕੇ, ਥੋੜੀ ਵਸੋਂ ਵਾਲੇ, ਕੁਦਰਤ ਦੀਆਂ ਨੇਹਮਤਾਂ ਦਾ ਨਿੱਘ ਮਾਣ ਰਹੇ ਪਿੰਡ ਮਨੁੱਖ ਵੱਲੋਂ ਉਸਾਰੇ ਵੱਡੇ-ਵੱਡੇ ਸ਼ਹਿਰਾਂ ਦੀ ਭੀੜ ਵਿੱਚ ਗੁਆਚ ਗਏ। ਕਿਰਸਾਨੀ ਸਮੇਤ ਸਾਰੇ ਹੀ ਕਸਬੇ, ਕਿੱਤੇ, ਸਬਰ-ਸੰਤੋਖ ਵਾਲੀ ਜੀਵਨ ਸ਼ੈਲੀ ਵਿਸਾਰ, ਲੋਭੀ-ਲਾਲਚੀ ਮੁਨਾਫੇਖੋਰ ਵਪਾਰਕ ਸੋਚ ਵਿੱਚ ਧਸਦੇ ਹੀ ਚਲੇ ਗਏ। ਸਦੀਆਂ ਤੋਂ ਚੱਲਿਆ ਆ ਰਿਹਾ ਪਰਵਾਰਕ ਤਾਣਾ-ਬਾਣਾ ਤੇ ਭਾਈਚਾਰਕ ਰਿਸ਼ਤੇਦਾਰੀ ਵਾਲਾ ਨਿਜ਼ਾਮ, ਬਾਜ਼ਾਰੂ ਰੂਪ ਵਟਾ, ਵਰ੍ਹਿਆਂ ਵਿੱਚ ਹੀ ਹੋਰ ਦਾ ਹੋਰ ਹੁੰਦਾ ਚਲਾ ਗਿਆ। ਖਾਣ-ਪੀਣ, ਪਹਿਨਣ, ਪਰਚਣ, ਆਵਾਜਾਈ, ਸੰਚਾਰ, ਖੇਡਣ-ਮੱਲਣ, ਜੀਅ ਪਰਚਾਉਣ, ਗਾਉਣ-ਵਜਾਉਣ,

ਲਿਖਣ-ਪੜ੍ਹਨ, ਗੱਲ ਕੀ ਸਭ ਕੁਝ ਹੀ ਭੋਗਵਾਦ ਦੀ ਭੇਟ ਚੜ੍ਹ ਗਿਆ। ਮਨੁੱਖ ਕੁਦਰਤ ਨਾਲੋਂ, ਸਰਬੱਤ ਨਾਲੋਂ, ਟੁੱਟਦਾ-ਟੱਟਦਾ ਸਿਰਫ ਤੇ ਸਿਰਫ ਆਪਣੀਆਂ ਨਿੱਜੀ ਖਾਹਸ਼ਾਂ, ਉਮੰਗਾਂ, ਰੀਝਾਂ, ਹਵਸ ਤੇ ਵਿਕਾਸ ਤੀਕਰ ਸੀਮਤ ਹੋ ਗਿਆ। ਬਲਦੀ 'ਤੇ ਤੇਲ ਨਵੀਆਂ-ਨਵੀਆਂ ਵਿਗਿਆਨਕ ਕਾਢਾਂ ਨਾਲ ਹੋਂਦ 'ਚ ਆਏ ਚਮਤਕਾਰੀ ਚਕਾਚੌਂਧ ਵਾਲੇ ਸੰਦ-ਵਲੇਵੇਂ, ਰੇਲਾਂ, ਹਵਾਈ ਜਹਾਜਾਂ, ਮੋਟਰ ਵਾਹਨਾਂ, ਟੈਲੀਫੋਨ, ਰੇਡੀਉ, ਟੈਲੀਵਿਜ਼ਨ, ਕੰਪਿਊਟਰ, ਇੰਟਰਨੈੱਟ ਅਤੇ ਜੰਗਾਂ ਯੁੱਧਾਂ ਲਈ ਬਰੂਦ, ਬੰਬ, ਮਿਜ਼ਾਈਲਾਂ ਆਦਿ ਲਈ ਲੱਗੀ ਹੋੜ ਨੇ ਭਰਪੂਰ ਯੋਗਦਾਨ ਪਾਇਆ। ਇਹ ਸਾਰਾ ਕੁਝ ਖੋਜਣ ਵਾਲਿਆਂ ਨੇ ਇਹ ਅਜਬ-ਗਜ਼ਬ ਲੱਭਤਾਂ ਇਨਸਾਨੀ ਸਮਾਜ ਦੇ ਭਲੇ ਲਈ ਖੋਜੀਆਂ ਸਨ। ਹਕੀਕਤ ਵਿੱਚ ਇਹ ਸਾਰਾ ਮਾਲ ਮੱਤਾ ਤਰੱਕੀ ਲਈ ਘੱਟ ਤੇ ਤਬਾਹੀ ਲਈ ਵੱਧ ਵਰਤਿਆ ਗਿਆ। ਵੱਖ-ਵੱਖ ਸਮਿਆਂ 'ਚ ਹਰ ਧਿਰ ਨੇ ਆਪਣੀ ਚੌਧਰ ਤੇ ਵਡੱਪਣ ਦਰਸਾਉਣ ਲਈ ਹਰ ਕਿਸਮ ਦੇ ਪੁੱਠੇ-ਸਿੱਧੇ ਹਰਬੇ ਵਰਤ ਕੇ ਛਿੱਤਰੀਂ ਦਾਲ ਵੰਡਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਪਹਿਲੋਂ ਬਾਦਸ਼ਾਹਾਂ-ਸ਼ਹਿਨਸ਼ਾਹਾਂ ਨੇ ਆਮ ਲੋਕਾਈ ਦੇ ਨੱਕ 'ਚ ਦਮ ਕਰ ਛੱਡਿਆ। ਫੇਰ ਬਸਤੀਵਾਦੀਆਂ ਨੇ ਆਹੂ ਲਾਹੇ, ਸਮੁੱਚੀ ਨਵੀਂ ਪੁਰਾਣੀ ਦੁਨੀਆਂ ਦੇ ਬਸ਼ਿੰਦਿਆਂ ਦੀ ਹੋਂਦ ਹਸਤੀ ਨਾਲ ਖੂਨੀ ਹੋਲੀ ਖੇਡੀ। ਇਹਦੀ ਪ੍ਰਤੱਖ ਮਿਸਾਲ ਹੈ ਅਮਰੀਕਾ ਦੇ ਆਦਿ ਨਿਵਾਸੀਆਂ, ਅਫ਼ਰੀਕਾ ਦੇ ਪੁਸ਼ਤੈਨੀ ਵਸਨੀਕਾਂ ਅਤੇ ਆਸਟ੍ਰੇਲੀਆ, ਨਿਊਜ਼ੀਲੈਂਡ ਦੇ ਮੂਲ ਨਿਵਾਸੀਆਂ ਦੇ ਖੁਰਾ ਖੋਜ ਮਿਟਾ ਕੇ ਆਪਣੀ ਚੌਧਰ ਕਾਇਮ ਕਰਨ ਦੀਆਂ ਕਰਤੂਤਾਂ। ਦੋਵੇਂ ਆਲਮੀ ਜੰਗਾਂ ਅਸਲ ਵਿੱਚ ਕੁੱਲ ਸੰਸਾਰ ਦੇ ਸਾਧਨਾਂ ਤੇ ਸੋਮਿਆਂ ਵਾਸਤੇ ਹੋਇਆ ਮਨੁੱਖੀ ਘਾਣ ਦਾ ਦਰਦਨਾਕ ਇਤਿਹਾਸ, ਕੁੱਲ ਜਗਤ ਦੇ ਸੱਭਿਆਚਾਰਾਂ, ਬੋਲੀਆਂ ਤੇ ਵਿਰਾਸਤਾਂ ਅਨੁਸਾਰ ਵਸਦੇ ਲੋਕਾਂ ਨੂੰ ਆਪਣੀਆਂ ਲਾਠੀਆਂ ਦੇ ਗਜਾਂ ਨਾਲ ਵੰਡਣ ਦੇ ਕਾਰਨਾਮੇ ਸਾਡੇ ਸਾਹਮਣੇ ਹਨ।

ਆਦਿਕਾਲ ਤੋਂ ਮਨੁੱਖਤਾ ਦੀ ਭਲੇ ਲਈ ਅਵਾਜ਼ ਉਠਾਉਣ ਵਾਲੇ ਮਹਾਂਪੁਰਖਾਂ, ਵਿਚਾਰਵਾਨਾਂ, ਦਾਰਸ਼ਨਿਕਾਂ, ਫਲਸਫੀਆਂ ਵੱਲੋਂ ਦਰਸਾਏ ਰਸਤਿਆਂ ਨੂੰ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਅਤੇ ਮੱਤ ਧਰਮਾਂ ਦਾ ਨਾਂ ਦੇ ਕੇ ਪਹਿਲੋਂ ਵੰਡਣਾ ਫੇਰ ਆਪਸ ਵਿੱਚ ਉਲਝਾ ਕੇ ਮਨਮਰਜ਼ੀ ਦੇ ਅਰਥ ਕੱਢ, ਸੱਭਿਅਕ ਕਦਰਾਂ-ਕੀਮਤਾਂ ਦਾ ਕਚੂਮਰ ਕੱਢਣਾ। ਜਨੂੰਨ, ਕੱਟੜਵਾਦ, ਕਠਮੁੱਲੇਪੁਣੇ ਦੀ ਪਨੀਰੀ ਪਹਿਲੋਂ ਤਿਆਰ ਕਰਨੀ ਤੇ ਉਹਨਾਂ ਵੱਲੋਂ ਕੀਤੀਆਂ ਆਪ-ਹੁਦਰੀਆਂ ਤੋਂ ਨੱਥ ਪਾਉਣ ਦੀ ਥਾਂ ਪੁਸ਼ਤਪਨਾਹੀ, ਜਦੋਂ ਪਾਣੀ ਸਿਰਾਂ ਤੋਂ ਉੱਪਰ ਚੜ੍ਹਨ ਲੱਗਣ ਫੇਰ ਅੱਤਵਾਦ, ਅਤੰਕਵਾਦ ਦਾ ਡਰ ਵਿਖਾ ਕੇ ਆਮ ਜਨਤਾ ਦੀ ਹੀ ਖੁੰਭ ਠੱਪਣੀ। ਇਹ ਵਰਤਾਰਾ ਅੱਜ ਵੀ ਅੱਗੇ ਤੋਂ ਅੱਗੇ ਵਧ ਰਿਹਾ ਹੈ। ਸੰਚਾਰ ਸਾਧਨਾ ਤੇ ਮੀਡੀਏ ਦੀ ਕੁਵਰਤੋਂ ਕਰ ਕੇ ਨਵੇਂ ਤੋਂ ਨਵੇਂ ਭਰਮ ਭੁਲੇਖੇ ਵਾਲੇ ਹਊਏ ਖੜੇ ਕਰ ਕੇ ਲੋਕਾਂ ਦੇ ਹੱਕਾਂ ਵਿੱਚ ਨੱਥਾਂ ਪਾ, ਜਿੱਧਰ ਜੀਅ ਚਾਹੇ ਉੱਧਰ ਧੂਹ ਕੇ ਲੈ ਜਾਣਾ।

ਕੁਦਰਤ ਦੇ ਅਨਮੋਲ ਸੋਮਿਆਂ ਤੇ ਮੁਨਾਫੇ ਨੂੰ ਮੁੱਖ ਰੱਖਦਿਆਂ ਕਿਵੇਂ ਨਾ ਕਿਵੇਂ ਆਪਣੇ ਕਬਜੇ ਵਿੱਚ ਲੈ ਕੇ ਲੁੱਟਣਾ ਕਿਸੇ ਵੀ ਕਾਇਦੇ ਕਾਨੂੰਨ ਦੀ ਉਲੰਘਣਾ ਹੈ। ਪਹਿਲੋਂ ਰਾਜੇ-ਮਹਾਰਾਜੇ, ਫੇਰ ਬਸਤੀਵਾਦੀ ਹਕੂਮਤਾਂ, ਅੱਜ ਦੇ ਦੌਰ ਵਿੱਚ ਵਪਾਰੀਆਂ, ਧਨਵਾਨਾਂ ਤੇ ਸਿਆਸਤਦਾਨਾਂ ਵੱਲੋਂ ਬਣਾਈਆਂ ਬਹੁਕੌਮੀ ਕੰਪਨੀਆਂ, ਦੁਨੀਆਂ ਭਰ ਦੀ ਬਹੁਤੀ ਜ਼ਰ (ਦੌਲਤ) ਅਤੇ ਜ਼ਮੀਨ 'ਤੇ ਸਿੱਧੇ ਢੰਗਾਂ ਤਰੀਕਿਆਂ ਨਾਲ ਕਾਬਜ਼ ਹਨ। ਅਫਰੀਕਾ ਦੀ ਧਰਤੀ 'ਚ ਦੱਸੇ ਖਜ਼ਾਨੇ, ਬਰਾਜ਼ੀਲ ਦੇ ਜੰਗਲ, ਅਰਬ ਦੇਸ਼ਾਂ ਦੇ ਮਾਰੂਥਲਾਂ ਵਾਲਾ ਕਾਲਾ ਸੋਨਾ(ਤੇਲ) ਸਿੱਧੇ ਤੇ ਟੇਢੇ-ਮੇਢੇ ਤਰੀਕਿਆਂ ਨਾਲ ਇਹਨਾਂ ਅਖਾਉਤੀ ਵਿਕਸਿਤ ਤੇ ਸੱਭਿਅਕ ਦੇਸ਼ਾਂ ਨੇ ਹਥਿਆ ਲਿਆ ਹੈ। ਜੇ ਕਿਸੇ ਦੇਸ਼ ਕੌਮ ਜਾਂ ਖਿੱਤੇ ਦੇ ਲੋਕ ਮਾੜੀ ਮੋਟੀ ਚੂੰ-ਚਾਂ ਕਰਦੇ ਹਨ ਤਾਂ ਅਖਾਉਤੀ ਲੋਕਰਾਜ ਦਾ ਪਾਠ ਪੜਾਉਣ ਵਾਲੇ ਉਹਨਾਂ ਦੀ ਸੰਘੀ ਆਪਣੀ ਧੌਂਸ ਤੇ ਹੈਂਕੜ ਨਾਲ ਨੱਪਣ ਲਈ ਸਦਾ ਕਮਰ ਕੱਸੇ ਕਰੀ ਹੀ ਰੱਖਦੇ ਨੇ। ਵਿਚਾਰਧਾਰਾਵਾਂ, ਮਾਨਤਾਵਾਂ ਤੇ ਮਨੁੱਖੀ ਹੱਕਾਂ ਵਾਲਿਆਂ ਦੀ ਤੂਤੀ ਇਹਨਾਂ ਦੇ ਢੋਲ ਨਗਾਰਿਆਂ ਦੇ ਸਾਹਮਣੇ ਕੁਝ ਵੀ ਨਹੀਂ ਕਰ ਸਕਦੀ।

ਸਾਹਿਤ, ਸੱਭਿਆਚਾਰਕ ਕਦਰਾਂ-ਕੀਮਤਾਂ, ਬੋਲੀ, ਵਿਰਾਸਤ ਦੇ ਅਰਥ ਇਹਨਾਂ ਆਪਣੇ ਹਿੱਤਾਂ ਅਨੁਸਾਰ ਕੱਢ ਕੇ ਇੱਕ ਅਜਿਹਾ ਚਿੱਟਕਪੜੀਆ ਤਬਕਾ

ਸਿਰਜ ਲਿਆ ਹੈ ਜਿਹੜਾ ਆਪਣੇ-ਆਪ ਨੂੰ ਆਪ ਹੀ ਬੁੱਧੀਜੀਵੀ ਆਖਣ ਅਖਵਾਉਣ ਵਿੱਚ ਫ਼ਖਰ ਮਹਿਸੂਸ ਕਰਦਾ ਹੈ। ਇਨ੍ਹਾਂ ਭੱਦਰ ਪੁਰਸ਼ਾਂ ਨੇ ਅਜਿਹੇ ਭਰਮਾਊ ਤੇ ਚਿਕਨੇ ਚੋਪੜੇ ਸ਼ਬਦ ਘੜ ਲਏ ਹਨ ਜਿਹੜੇ ਆਮ ਲੋਕਾਂ ਦੀ ਭਲਾਈ ਤੋਂ ਕੋਹਾਂ ਦੂਰ ਤੇ ਅਪਹੁੰਚ ਹਨ। ਇਹਨਾਂ ਸੂਝਵਾਨਾਂ ਵਿੱਚੋਂ ਇੱਕ ਵੱਡਾ ਹਿੱਸਾ ਆਪਣੀ ਸੋਚ ਨੂੰ ਵਿਗਿਆਨਕ ਸਿੱਧ ਕਰਨ ਲਈ ਪੂਰੀ ਵਾਹ ਲਾਉਂਦਾ ਹੈ। ਕੁਦਰਤ ਦੇ ਵਿਰੁੱਧ ਇਹਨਾਂ ਨੇ ਜੰਗ ਵਿੱਢੀ ਹੋਈ ਹੈ। ਇਹ ਸਦਾ ਹੀ ਇਹ ਸਾਬਤ ਕਰਨ ਲਈ ਯਤਨ ਕਰਦੇ ਹਨ ਕਿ ਮਨੁੱਖ ਕੁਦਰਤ ਦੇ ਵਰਤਾਰਿਆਂ ਨੂੰ ਆਪਣੇ ਅਨਕੂਲ ਚਾਲਣ ਦੇ ਸਮਰੱਥ ਹੈ। ਉਂਜ ਇਤਿਹਾਸ ਦਰਸਾਉਂਦਾ ਹੈ ਕਿ ਕੁਦਰਤ ਦੇ ਪਸਾਰੇ ਨਾਲ ਕੀਤੀ ਛੇੜ-ਛਾੜ ਦੇ ਨਤੀਜੇ ਅਕਸਰ ਘਾਤਕ ਹੀ ਨਿੱਕਲੇ ਹਨ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਭੁਚਾਲਾਂ, ਸੁਨਾਮੀਆਂ, ਝੱਖੜ ਝੋਲਿਆਂ, ਬਰਫੀਲੇ ਤੂਫਾਨਾਂ, ਗੜੇਮਾਰੀ, ਹੜ੍ਹ, ਸੋਕਿਆਂ, ਜੰਗਲੀ ਅੱਗਾਂ, ਬਦਲਦੇ ਮੌਸਮਾਂ, ਬਿਮਾਰੀਆਂ, ਮਹਾਂਮਾਰੀਆਂ ਦਾ ਟਾਕਰਾ ਕਰਨ 'ਚ ਮਨੁੱਖ ਹਮੇਸ਼ਾਂ ਅਸਫਲ ਹੀ ਰਿਹਾ ਹੈ। ਜੇ ਕਿਸੇ ਇੱਕ ਮਹਾਂਮਾਰੀ ਦੀ ਤਾਕਤ ਘਟਾਉਣ ਜਾਂ ਠੱਲਣ 'ਚ ਅਸੀਂ ਥੋੜੇ ਬਹੁਤ ਕਾਮਯਾਬ ਹੋ ਵੀ ਗਏ ਤਾਂ ਅਗਲੀ ਵਾਰ ਉਹਦੇ ਨਾਲੋਂ ਵੀ ਵੱਧ ਮਾਰੂ ਤੇ ਭਿਆਨਕ ਸਾਡੇ ਸਾਹਮਣੇ ਆ ਖੜੀ ਹੋਈ। ਕਿਸੇ ਵੇਲੇ ਹੈਜਾ, ਚੇਚਕ, ਮਲੇਰੀਆ, ਤਪਦਿਕ, ਪਲੇਗ ਘਾਤਕ ਸਮਝੀਆਂ ਜਾਂਦੀਆਂ ਸਨ, ਜਦੋਂ ਕਿ ਹੁਣ ਕੈਂਸਰ, ਕਾਲਾ ਪੀਲੀਆ, ਸ਼ੂਗਰ, ਬਲੱਡ ਪ੍ਰੈਸ਼ਰ , ਗੁਰਦਾ ਰੋਗ, ਅਲਰਜੀ ਨਾਲ ਸਬੰਧਤ ਬਿਮਾਰੀਆਂ, ਵਾਇਰਸ ਰੋਗ ਤਬਾਹੀ ਮਚਾ ਰਹੇ ਹਨ। ਕਦੀ ਬਰਡ ਫਲੂ , ਕਦੇ ਸਵਾਈਨ ਫਲੂ , ਡੇਂਗੂ, ਈ ਬੋਲਾ, ਮੈਡ ਕਾਉ ਤੇ ਅੱਜ ਦੀ ਤਰੀਕ ਵਿੱਚ ਕਰੋਨਾ ਨੇ ਕਹਿਰ ਮਚਾਇਆ ਹੋਇਆ ਹੈ। ਵਿਗਿਆਨ ਤੇ ਮਨੁੱਖ ਦੀ ਸਮਝ ਦਾ ਮਜਾਕ ਉਡਾਉਂਦੇ ਇਹਨਾਂ ਰੋਗਾਂ ਦਾ ਕੋਈ ਠੋਸ ਇਲਾਜ ਸਾਡੇ ਕੋਲ ਨਹੀਂ। ਕੁਦਰਤ ਦੇ ਇਸ ਕਹਿਰੀ ਵਰਤਾਉ ਦਾ ਮੁੱਖ ਕਾਰਨ ਸਾਡਾ ਕੁਦਰਤ ਦਾ ਰਾਹ ਛੱਡ ਕੇ ਅਖਾਉਤੀ ਹਉਮੈ ਵਾਲਾ ਹੰਕਾਰੀ ਰਾਹ ਅਪਨਾਉਣਾ ਹੈ।

ਅਸੀਂ ਆਪਣਾ ਸਾਰੇ ਦਾ ਸਾਰਾ ਆਲਾ-ਦਵਾਲਾ ਰਿਹਾਇਸ਼ੀ ਪਿੰਡ , ਬਸਤੀਆਂ, ਕਸਬੇ, ਸ਼ਹਿਰ, ਨਗਰ, ਮਹਾਂਨਗਰ ਪੱਕੇ, ਮਜਬੂਤ, ਵੇਖਣ ਨੂੰ ਸੋਹਣੇ-ਸੁੰਦਰ ਤਾਂ ਉਸਾਰ ਲਏ ਹਨ। ਹਕੀਕਤ ਵਿੱਚ ਇਹ ਬੋਦੇ, ਜਰਜ਼ਰੇ, ਪ੍ਰਦੂਸ਼ਿਤ, ਕਬੂਤਰਖਾਨਿਆਂ ਨਾਲੋਂ ਵੀ ਘਟੀਆ ਹਨ। ਇੱਥੇ ਭੀੜ ਭੜੱਕੇ , ਰੌਲੇ-ਰੱਪੇ, ਆਪੋ-ਧਾਪੀ, ਲੜਾਈ-ਝਗੜੇ, ਖੋਹ-ਖਿੰਝ , ਲੁੱਟ-ਖਸੁੱਟ, ਐਨੀ ਮੁਕਾਬਲੇਬਾਜ਼ੀ, ਪੀਣ-ਯੋਗ ਪਾਣੀ ਤੇ ਖਾਧ ਪਦਾਰਥਾਂ, ਰਸੋਈ ਗੈਸ, ਬਾਲਣ ਦੀ ਘਾਟ, ਹਸਪਤਾਲਾਂ ਦੀਆਂ ਮਰੀਜਾਂ ਵਾਲੀਆਂ ਅਮੁੱਕ ਕਤਾਰਾਂ, ਵਿੱਦਿਆ ਦੇ ਨਾਂ ਹੇਠ ਬਜ਼ਾਰੂ ਪੜ੍ਹਾਈ ਦੀਆਂ ਦੁਕਾਨਾਂ, ਅਖਾਉਤੀ ਆਧੁਨਿਕ ਸਕੂਲਾਂ, ਕਾਲਜਾਂ, ਧੜਾਧੜ ਵਪਾਰਕ ਲਾਭਾਂ ਲਈ ਖੋਲ੍ਹੀਆਂ ਯੂਨੀਵਰਸਿਟੀਆਂ, ਆਵਾਜਾਈ ਦੀ ਘੜਮੱਸ ਦੇ ਨਜ਼ਾਰੇ, ਸਕੂਲ ਦੀ ਥਾਂ ਨਰਕਾਂ ਦੀਆਂ ਝਲਕਾਂ ਬਾਖੂਬੀ ਪੇਸ਼ ਕਰ ਰਹੇ ਹਨ। ਇੱਥੋਂ ਦੀ ਗੰਦੀ ਜ਼ਹਿਰੀਲੀ ਹਵਾ, ਪ੍ਰਦੂਸ਼ਿਤ ਪਾਣੀ, ਬੇਹੀਆਂ ਬੁਸੀਆਂ, ਘਾਤਕ ਬਨਾਉਟੀ ਖਾਣ ਵਾਲੀਆਂ ਵਸਤਾਂ, ਖਾਣ ਵਾਲਿਆਂ ਵਿੱਚੋਂ ਕੋਈ ਵਿਰਲਾ ਹੀ ਤੰਦਰੁਸਤ ਰਹਿ ਸਕਦਾ ਹੈ। ਸਰੀਰਕ, ਮਾਨਸਕ ਤੇ ਸਮਾਜਕ ਰੋਗਾਂ ਦੀ ਭਰਮਾਰ ਦੇ ਸਿਰ 'ਤੇ ਸਿਆਸੀ ਦਾਅ ਪੇਚ ਖੇਡ ਕੇ ਹਕੂਮਤਾਂ ਚਲਾਈਆਂ ਉਲਟਾਈਆਂ ਜਾਂਦੀਆਂ ਨੇ। ਇੱਥੇ ਵਸਦੇ ਕਾਂ ਹੰਸਾਂ ਦੀ ਡਾਰ ਵਿੱਚ ਰਲਣ ਲਈ ਕਾਹਲੇ ਹੋਣ ਕਰਕੇ ਆਪਣੇ ਆਲਣੇ ਤੇ ਕਾਂ-ਕਾਂ ਨੂੰ ਭੁੱਲਣ 'ਚ ਵੀ ਭਲਾ ਲੱਭ ਰਹੇ ਨੇ। ਸਦੀਆਂ ਤੋਂ ਚੱਲੀਆਂ ਆ ਰਹੀਆਂ ਸਿਹਤਮੰਦ ਰਵਾਇਤਾਂ, ਉਸਾਰੂ ਕਦਰਾਂ-ਕੀਮਤਾਂ, ਕੁਦਰਤ ਦਾ ਸਤਿਕਾਰ, ਸਰਬੱਤ ਦਾ ਭਲਾ, ਸਹਿਜ, ਸਬਰ, ਸੰਤੋਖ ਵਾਲਾ ਰਾਹ ਉਹ ਤਿਆਗ ਚੁੱਕੇ ਨੇ। ਅਖਾਉਤੀ ਸੱਭਿਅਕ, ਵਿਕਸਿਤ, ਅੱਗੇ ਵਧੇ ਦੇਸਾਂ ਦੀ ਘਿਣਾਉਣੀ ਨਕਲ ਨੇ ਉਹਨਾਂ ਨੂੰ ਨਾ ਘਰ ਦੇ ਛੱਡਿਆ ਹੈ ਨਾ ਘਾਟ ਦੇ। ਅਸਲ ਵਿੱਚ ਅੱਜ ਦੇ ਦੌਰ ਦੇ ਮਨੁੱਖ ਨੇ ਸਾਨੂੰ ਕੁਦਰਤ ਤੋਂ ਬੇਮੁੱਖ ਕਰ ਨਿੱਜ ਵੱਲ ਜੋੜਨ ਦੀ ਜਿਹੜੀ ਕੋਤਾਹੀ ਕੀਤੀ ਹੈ ਅਸੀਂ ਸਭ ਉਸ ਭੁੱਲ ਦਾ ਹੀ ਖਮਿਆਜਾ ਭੁਗਤ ਰਹੇ ਹਾਂ।

ਬਿਮਾਰੀਆਂ, ਮਹਾਂਮਾਰੀਆਂ ਜਿਵੇਂ ਕਰੋਨਾ ਦਾ ਕਹਿਰ ਵਾਪਰ ਰਿਹਾ ਹੈ, ਕੁਦਰਤ ਦੇ ਵਿਰੁੱਧ ਭੁਗਤਣ ਦਾ ਹੀ ਨਤੀਜਾ ਹੈ। ਇਹ ਦ੍ਰਿਸ਼ ਇਨਸਾਨ ਸਦੀਆਂ ਤੋਂ

ਦੇਖਦਾ, ਛੱਲਦਾ ਆ ਰਿਹਾ ਹੈ, ਉੱਥੇ ਇਹਨਾਂ ਕੋਲੋਂ ਇਹਨੇ ਕੋਈ ਸਬਕ ਨਹੀਂ ਸਿੱਖਿਆ। ਜਿੰਨਾ ਚਿਰ ਅਸੀਂ ਆਪਣੀਆਂ ਗਲਤੀਆਂ ਤੋਂ ਸਿੱਖ, ਸਿਆਣੇ ਨਹੀਂ ਬਣਦੇ ਅਜਿਹੇ ਭਿਆਨਕ ਭਾਣੇ ਵਰਤਦੇ ਹੀ ਰਹਿਣਗੇ।

ਜੇਕਰ ਕਰੋਨਾ ਵਾਲੀ ਕੁੱਲ ਸੰਸਾਰ ਦੀ ਅੱਧੀ ਵੱਸੋਂ ਨੂੰ ਸਿੱਧੇ ਤੌਰ ਤੇ ਬਾਕੀ ਰਹਿੰਦੀ ਨੂੰ ਆਪਣੇ ਮਾਰੂ ਅਸਰ ਕਾਰਨ ਲਪੇਟ ਵਿੱਚ ਲੈਣ ਦੀ ਕਰਨੀ ਹੋਵੇ ਤਾਂ ਕਈ ਅਜਿਹੇ ਤੱਥ ਸਪਸ਼ਟ ਹੋ ਜਾਂਦੇ ਹਨ ਜਿਹੜੇ ਅੱਗੇ ਵਧਣ, ਤਰੱਕੀ ਕਰਨ, ਸੱਭਿਅਕ ਬਣਨ ਦੀ ਭਰਾ ਮਾਰੂ ਦੌੜ ਵਿੱਚ ਇਨਸਾਨ ਨੇ ਮੁੱਢੋਂ ਹੀ ਭੁਲਾ ਦਿੱਤੇ। ਸਨਅਤਕਾਰੀ, ਸ਼ਹਿਰੀਕਰਨ, ਵਪਾਰਕ ਵਿੱਦਿਆ, ਬਜ਼ਾਰੂ ਤੰਦਰੁਸਤੀ, ਮੁਨਾਫ਼ਾਖੋਰੀ ਨੂੰ ਮੁੱਖ ਰੱਖਦਿਆਂ ਕੀਤੀ ਖੋਜਕਾਰੀ, ਭਰਾਮਾਰੂ ਜੰਗਾਂ-ਯੁੱਧਾਂ ਲਈ ਅਸਲੇ, ਬੰਬਾਂ, ਮਿਜ਼ਾਇਲਾਂ ਦੇ ਅੰਬਾਰ, ਕੁਰਾਹੇ ਪਾਉਣ ਵਾਲੇ ਸੰਚਾਰ ਸਾਧਨ, ਜ਼ਮੀਨੀ ਸਮੁੰਦਰੀ ਹਵਾਈ ਆਵਾਜਾਈ ਦੀ ਘੜਮੱਸ, ਨਸਲਾਂ, ਜਾਤਾਂ, ਧਰਮਾਂ, ਬੋਲੀਆਂ ਵਿੱਚ ਵੰਡ ਪਾਉਣ ਦੀਆਂ ਕੁਚਾਲਾਂ, ਸਮਾਜ ਪਰਵਾਰ ਤੇ ਆਮ ਮਨੁੱਖ ਨੂੰ ਹੇਚ ਸਮਝਣ ਵਾਲਾ ਮਨੋਰੰਜਨ ਸਾਹਿਤ ਤੇ ਫਲਸਫਾ, ਲਿੰਗਕ ਵਿਰੋਧ, ਲੋਕ-ਰਾਜ, ਮਨੁੱਖੀ ਹੱਕਾਂ, ਸਮਾਜ ਸੇਵਾ ਦੇ ਨਾਵਾਂ ਦੀ ਦੁਰਵਰਤੋਂ, ਸਭ ਤੋਂ ਵੱਧ ਜੀਵਨ ਦੇ ਅਧਾਰ ਖੇਤੀ ਦੀ ਅਣਦੇਖੀ ਤੇ ਬਗੈਰ ਹੱਥ ਹਿਲਾਇਆਂ, ਮਾਇਆ ਇਕੱਠੀ ਕਰਨ ਦੇ ਧੰਦਿਆਂ ਦੀ ਹੱਲਾਸ਼ੇਰੀ ਵਰਗੇ ਵਿਸ਼ਿਆਂ ਦੀ ਮਨਮਰਜੀ ਦੀ ਵਿਆਖਿਆ ਸਾਨੂੰ ਲੈ ਬੈਠੀ ਹੈ। ਜੀਭ ਦਾ ਸਵਾਦ ਦਿਮਾਗ ਦੀ ਵਰਜਣਾ ਭੁੱਲ, ਸਾਡੀ ਖਾਧ-ਖੁਰਾਕ ਤੇ ਹਾਵੀ ਹੋ ਗਿਆ ਹੈ। ਇਹ ਖਾਊ ਹੰਢਾਊ ਭੋਗਵਾਦੀ ਸੱਭਿਆਚਾਰ, ਕੁਦਰਤ ਨੇ ਖਾਧ ਖੁਰਾਕ ਲਈ ਅਣਗਿਣਤ ਪਦਾਰਥਾਂ ਦੀ ਸਿਰਜਣਾ ਭੂਗੋਲਿਕ ਹਾਲਤਾਂ ਅਨੁਸਾਰ ਕੀਤੀ ਹੈ। ਗਰਮ, ਖੁਸ਼ਕ, ਠੰਢੇ, ਸੀਤ ਅਤੇ ਸਿੱਲ੍ਹੇ ਤਰ ਮੌਸਮਾਂ ਅਨੁਸਾਰ ਹੀ ਬਨਾਸਪਤੀ ਹੁੰਦੀ ਹੈ। ਜੀਵ-ਜੰਤੂਆਂ ਦੀਆਂ ਖੁੱਡਾਂ, ਘੁਰਨੇ, ਕੁੰਦਰਾਂ, ਆਲਣੇ, ਰਿਹਾਇਸ਼ਗਾਹਵਾਂ ਹਮੇਸ਼ਾਂ ਰੁੱਤਾਂ ਹਵਾਵਾਂ ਅਤੇ ਜਲ-ਥਲ ਦੀ ਭੂਗੋਲਿਕ ਅਨੁਕੂਲਤਾ ਅਨੁਸਾਰ ਹੀ ਹੁੰਦੀਆਂ ਹਨ। ਬਿਰਖ ਬੂਟਿਆਂ ਦੇ ਆਕਾਰ, ਫਲ-ਫੁੱਲ, ਪੱਤ-ਸੱਤ ਤੇ ਵਧਣ ਵਿਗਸਣ, ਪੁੰਗਰਨ ਦੇ ਸਮੇਂ ਨੂੰ ਵੀ ਕੁਦਰਤ ਹੀ ਨਿਰਧਾਰਤ ਕਰਦੀ ਹੈ। ਕੈਨੇਡਾ ਵਿੱਚ ਜੰਡ, ਵਣ, ਕਰੀਰ, ਪਿੱਪਲ, ਬੋਹੜ ਦੇ ਰੁੱਖ ਨਹੀਂ ਹੁੰਦੇ ਅਤੇ ਪੰਜਾਬ ਵਿੱਚ ਮੈਪਲ ਨਹੀਂ ਉੱਗ ਸਕਦਾ। ਗੱਲ ਪ੍ਰਾਣੀ ਜਗਤ ਦੀ ਕਰਨੀ ਹੋਵੇ ਤਾਂ ਕਾਦਰ ਦੀ ਸਿਰਜਣਾ ਦੀ ਤਸਵੀਰ ਹੋਰ ਸਪਸ਼ਟ ਹੋ ਜਾਂਦੀ ਹੈ। ਸੰਘਣੀ ਜੱਤ, ਫਰ ਵਾਲੇ ਪੰਛੀ ਬਰਫ਼ੀਲੇ ਦੇਸਾਂ ਵਿੱਚ ਹੀ ਹੁੰਦੇ ਨੇ ਅਤੇ ਪਤਲੀ ਚਮੜੀ ਵਾਲੇ ਨਾਗੌਰੀ ਬਲਦ ਜਾਂ ਬੀਕਾਨੇਰੀ ਊਠ ਜਾਂ ਹਾਥੀ, ਗੈਂਡੇ ਗਰਮ ਦੇਸਾਂ ਦੀ ਹੀ ਸ਼ਾਨ ਹੁੰਦੇ ਹਨ। ਤਾਮਲਨਾਦ, ਕੇਰਲਾ, ਸ੍ਰੀਲੰਕਾ ਦੇ ਵਸਨੀਕ ਨੰਗੇ ਪੈਰੀਂ ਜਾਂ ਚੱਪਲਾਂ ਹੀ ਪਾਉਂਦੇ ਹਨ ਅਤੇ ਨਾਰਵੇ, ਸਵੀਡਨ, ਰੂਸ ਵਾਲੇ ਭਾਰੇ ਬੂਟ ਤੇ ਗਰਮ ਜੁਰਾਬਾਂ ਤੋਂ ਬਿਨਾਂ ਘਰੋਂ ਨਿੱਕਲ ਹੀ ਨਹੀਂ ਸਕਦੇ।

ਮਨੁੱਖੀ ਸਮਾਜ ਹਜਾਰਾਂ ਲੱਖਾਂ ਸਾਲਾਂ ਵਿੱਚ ਕੁਦਰਤ ਦੇ ਵਰਤਾਰਿਆਂ ਅਤੇ ਆਪਣੇ ਅਨੁਭਵਾਂ, ਤਜਰਬਿਆਂ ਤੋਂ ਸਿੱਖਦਾ ਸਿਖਾਉਂਦਾ ਸਾਡੇ ਸਮਿਆਂ ਵਿੱਚ ਪਹੁੰਚਿਆ ਹੈ। ਜਦੋਂ ਸਾਡੇ ਵੱਡ-ਵਡੇਰੇ ਪਸ਼ੂਆਂ ਦੇ ਪੱਧਰ 'ਤੇ ਹੀ ਜੀਅ ਰਹੇ ਸਨ ਤਾਂ ਉਹਨਾਂ ਦੀ ਮਨੋਬਿਰਤੀ ਵੀ ਡੰਗਰਾਂ ਜਿਹੀ ਹੀ ਸੀ। ਲੜਨ, ਭਿੜਨ, ਖੋਹਣ, ਖਿੱਝਣ, ਮਿੱਧਣ, ਲਿਤਾੜਨ, ਜੀਭ ਦਾ ਝੱਸ ਪੂਰਾ ਕਰਨ, ਲਿੰਗਕ ਲੋੜਾਂ ਦੀ ਪੂਰਤੀ ਲਈ ਖੂਨੀ ਝੜਪਾਂ, ਕਮਜੋਰਾਂ ਮਾੜਿਆਂ ਤੇ ਬੁੱਢਿਆਂ ਠੇਰਿਆਂ ਤੇ ਮਾਦਾ ਜਿਸਮ ਵਾਲੀਆਂ ਤੇ ਰੋਅਬ ਪਾਉਣ ਤੇ ਧੌਂਸ ਜਮਾਉਣ ਦੀਆਂ ਘਿਨਾਉਣੀਆਂ ਕਰਤੂਤਾਂ ਹੱਦੋਂ ਵੱਧ ਗਈਆਂ ਤਾਂ ਸਮਾਜ ਨੇ ਮੋੜਾ ਕੱਟਿਆ। ਇਹਨਾਂ ਪਸ਼ੂ-ਬਿਰਤੀਆਂ ਨੂੰ ਕਾਬੂ ਕਰਨ ਲਈ ਵਿਆਹ ਦੀ ਪਿਰਤ ਹੋਂਦ 'ਚ ਆਈ। ਕੁਝ ਫਿਕਰਮੰਦ ਬੰਦਿਆਂ ਅਤੇ ਕੁਦਰਤੀ ਜਿੰਮੇਵਾਰੀ ਨਿਭਾਉਣ ਵਾਲੀਆਂ ਔਰਤਾਂ ਨੇ ਪਸ਼ੂਆਂ ਦੇ ਇਸ ਬੇਮੁਹਾਰੇ ਆਪਹੁਦਰੇ ਵੱਗ ਨੂੰ ਕਾਬੂ 'ਚ ਰੱਖਣ ਲਈ ਕਈ ਕਿਸਮ ਦੇ ਕਾਇਦੇ ਕਾਨੂੰਨ ਸਥਾਪਤ ਕਰ ਕੇ ਸੱਭਿਆਤਾਵਾਂ, ਸੱਭਿਆਚਾਰ ਤੇ ਸਲੀਕੇਦਾਰ ਕਦਰਾਂ-ਕੀਮਤਾਂ ਦਾ ਮੁੱਢ ਬੰਨ੍ਹਿਆ। ਪਰਵਾਰ ਬਣੇ, ਘਰ ਉਸਰੇ , ਭਾਈਚਾਰਕ ਸਬੰਧ ਤੇ ਸਾਕ-ਸ਼ਰੀਕੇ ਹੋਂਦ ਵਿੱਚ ਆਏ। ਹੌਲੀ-ਹੌਲੀ ਸਮੇਂ ਦੇ ਬਦਲਣ ਨਾਲ ਮਾਤਾਵਾਂ ਵੱਲੋਂ ਸਿਰਜਿਆ ਭਾਈਚਾਰਾ ਫੇਰ ਮਰਦਾਂ ਦੀ ਗ੍ਰਿਫਤ ਵਿੱਚ ਆ ਗਿਆ। ਕਿਉਂਕਿ ਅੰਸ਼-ਵੰਸ਼ ਵਧਾਉਣ ਦੀ ਦਾਤ

ਕੁਦਰਤ ਨੇ ਔਰਤ ਜਾਤ ਨੂੰ ਹੀ ਬਖਸ਼ੀ ਹੈ। ਇਹਦੇ ਕਾਰਨ ਸਰੀਰਕ ਪੱਖੋਂ ਇਹ ਮਰਦਾਂ ਨਾਲ ਮੁਕਬਲਾ ਨਾ ਕਰਨ ਕਰਕੇ ਉਹਦੀ ਧੌਂਸ, ਧੱਕੇ, ਹਵਸ, ਹਉਮੈਂ ਦੀ ਸ਼ਿਕਾਰ ਹੁੰਦੀ ਰਹੀ। ਰਾਜਿਆਂ, ਮਹਾਰਾਜਿਆਂ, ਬਾਦਸਾਹਾਂ-ਸ਼ਹਿਨਸ਼ਾਹਾਂ ਦੇ ਦੌਰ ਵਿੱਚ ਇਹ ਔਰਤ ਨਾਲ ਜੋ ਹੋਇਆ ਉਹ ਦਰਦਨਾਕ ਘਟਨਾਵਾਂ ਪੜ੍ਹ ਸੁਣ ਕੇ ਹੀ ਦਿਲ ਦਹਿਲ ਜਾਂਦਾ ਹੈ। ਧਰਮਾਂ-ਮਜ਼ਬਾਂ ਵਾਲੇ, ਮਨੁੱਖੀ ਹੱਕਾਂ ਦੇ ਮੁਦਈ, ਫਲਸਫ਼ੀ ਦਾਰਸ਼ਨਿਕਤਾ ਦੇ ਹੀਲੇ ਵਸੀਲੇ ਕਰਨ ਵਾਲੇ ਵੀ ਸੁਝਵਾਨ ਸਮਾਜ ਦੀ ਉਸਾਰੀ ਨਾ ਕਰਵਾ ਸਕੇ। ਸਿਆਸਤਦਾਨ, ਸਾਹਿਤਕਾਰ, ਵਿਗਿਆਨੀ ਵੀ ਮਸਲਿਆਂ ਨੂੰ ਸੁਲਝਾਉਣ ਦੀ ਥਾਂ ਉਲਝਾਉਣ ਵਿੱਚ ਹੀ ਮਸ਼ਰੂਫ ਰਹੇ।

ਅਤਿ ਅਤੇ ਖੁਦਾ ਦਾ ਵੈਰ, ਸਾਡਾ ਸਦੀਆਂ ਪੁਰਾਣਾ ਮੁਹਾਵਰਾ ਹੈ। 2020 ਵਾਲੀ ਬਸੰਤ ਰੁੱਤ 'ਚ ਛਾਈ ਪੱਤਝੜ ਨੇ ਜਿਹੜਾ ਕਹਿਰ ਕਰੋਨਾ ਦੀ ਮਹਾਂਮਾਰੀ ਨੇ ਚੌਹੀਂ ਕੰਟੀ ਵਰਤਾਇਆ ਹੈ, ਉਸ ਦਾ ਮੁੱਖ ਕਾਰਨ ਮਨੁੱਖ ਵੱਲੋਂ ਹਰ ਖੇਤਰ ਵਿੱਚ ਫੈਲਾਇਆ ਅੱਤਵਾਦ ਹੀ ਹੈ। ਕੀ ਪਹਾੜਾਂ ਦੀਆਂ ਗਗਨ ਚੁੰਮਦੀਆਂ ਕੁਦਰਤ ਦੀ ਕਾਰੀਗਰੀ ਦੇ ਅਦਭੁਤ ਨਮੂਨੇ ਬਰਫਾਨੀ ਚੋਟੀਆਂ, ਐਮਾਜ਼ਨ ਤੇ ਅਫਰੀਕਾ ਦੀ ਵੰਨ-ਸੁਵੰਨਤਾ ਦੀ ਮਹਿਕ, ਭਰਪੂਰ ਸੰਘਣੇ ਜੰਗਲ, ਉੱਤਰੀ ਦੱਖਣੀ ਧਰੁਵਾਂ ਤੇ ਲੱਖਾਂ ਵਰ੍ਹਿਆਂ ਵਿੱਚ ਜੰਮੀ ਕੁਦਰਤ ਦੀ ਅਨਮੋਲ ਬਖਸ਼ਿਸ਼ ਮੀਲਾਂ ਮੋਟੀਆਂ ਦੁੱਧ ਚਿੱਟੀ ਜੀਵਨ ਦਾਤੀ ਬਰਫ ਦੀਆਂ ਪਰਤਾਂ, ਨੀਲ ਸਿੰਧ, ਐਮਾਜ਼ਾਨ, ਵੋਲਗਾ ਜਿਹੇ ਅਮੁੱਕ ਜਲ ਭੰਡਾਰਾਂ ਦੇ ਸੋਮੇ, ਦਰਿਆ, ਕੈਸਪੀਅਨ, ਮਾਨਸਰੋਵਰ, ਵਿਕਟੋਰੀਆ, ਟਾਹੋ ਤੇ ਗਰੇਟ ਲੇਕਸ ਜਿਹੀਆਂ ਅਦਭੁਤ ਨਜ਼ਾਰਿਆਂ ਵਾਲੀਆਂ ਝੀਲਾਂ। ਥਾਰ, ਅਰਬ, ਗੋਬੀ, ਸਹਾਰਾ ਤੇ ਆਸਟਰੇਲੀਆ ਦੇ ਰੇਗਸਥਾਨੀ ਮਾਰੂਥਲ, ਬੀਆਬਾਨ, ਲੋੜੀ-ਮੁਨਾਫੇਖੋਰ, ਨਿੱਜਵਾਦੀ, ਭੋਗ ਵਿਲਾਸੀ ਸ਼ੈਤਾਨੀ ਇਨਸਾਨ ਨੇ ਕੁਦਰਤ ਕੋਲੋਂ ਖੋਹ ਕੇ ਬਾਜਾਰੂ-ਵਪਾਰਕ ਸੈਲਾਨੀ ਟੂਰਿਸਟ ਅੱਡੇ ਬਨਾਉਣ ਦੇ ਬੇਰਹਿਮ ਕਾਰੇ ਕੀਤੇ। ਸਾਗਰਾਂ ਦੇ ਕੰਢੇ, ਦਰਿਆਵਾਂ ਦੀਆਂ ਵਾਦੀਆਂ, ਪਹਾੜਾਂ ਦੀਆਂ ਢਲਾਨਾਂ, ਮਾਰੂਥਲਾਂ ਵਿਚਲੇ ਨਖਲਿਸਤਾਨ, ਸਮੁੰਦਰੀ ਟਾਪੂ , ਮਨੁੱਖ ਦੇ ਰੂਪ ਵਿੱਚ ਵਿਚਰਦੇ ਹਵਸੀ ਕਾਮੁਕ ਭੋਗੀ ਦੈਤਾਂ ਨੇ ਜੂਏਖਾਨੇ, ਨਾਚਘਰ , ਸ਼ਰਾਬਖਾਨੇ ਤੇ ਵੇਸਵਾਵਾਂ ਦੇ ਅੱਡੇ ਬਣਾ ਕੇ ਕੁਦਰਤ ਨੂੰ ਚਿੜਾਇਆ ਤੇ ਠਿੱਠ ਕੀਤਾ ਹੈ।

ਪੀਰਾਂ, ਪੈਗੰਬਰਾਂ, ਗੁਰੂਆਂ, ਅਵਤਾਰਾਂ, ਮਹਾਂਪੁਰਸ਼ਾਂ, ਰਿਸ਼ੀਆਂ, ਮੁਨੀਆਂ, ਭਗਤਾਂ, ਸੂਫੀਆਂ ਨਾਲ ਸਬੰਧਤ ਥਾਵਾਂ ਨੂੰ ਵੀ ਰੂਹ ਨੂੰ ਸਕੂਨ ਵਾਲੇ ਤੀਰਥਾਂ ਦੀ ਥਾਂ ਧਾਰਮਕ ਟੂਰਿਜ਼ਮ ਦੇ ਮੁਨਾਫੇਖੋਰ ਵਪਾਰ ਦੇ ਕੇਂਦਰ ਬਣਾ ਲਿਆ ਹੈ। ਧਰਮ ਕਰਮ ਦੇ ਪਰਦੇ ਹੇਠ ਕੀਤੇ ਜਾਂਦੇ ਕਰਮ ਕਾਂਡੀ ਭੀੜਾਂ ਭਰੇ ਇਕੱਠ, ਮੇਲ, ਸ਼ੋਭਾ ਯਾਤਰਾਵਾਂ, ਜਲਸੇ, ਜਲੂਸ ਹਕੀਕਤ ਵਿੱਚ ਅਧਿਆਤਮਕ ਪੁੰਨ ਦੇ ਕਾਰਜ ਨਹੀਂ, ਅੰਧ-ਵਿਸਵਾਸ਼ ਫੈਲਾਉਣ, ਵਿਖਾਵੇ, ਹਉਮੈਂ, ਹੰਕਾਰ ਭਰੀ ਇਸ਼ਤਿਹਾਰਬਾਜੀ ਦੇ ਵਪਾਰਕ ਧੰਦੇ ਬਣ ਗਏ ਹਨ। ਸਾਰੇ ਦੇ ਸਾਰੇ ਧਰਮਾਂ ਦੇ ਮੋਢੀ ਤਾਂ ਸਬਰ, ਸੰਤੋਖ, ਸੰਜਮ ਤੇ ਸਹਿਜ ਦੀ ਸਿੱਖਿਆ ਦਿੰਦੇ ਨੇ ਤੇ ਉਹਨਾਂ ਮਹਾਂਪੁਰਖਾਂ ਦੇ ਅਖਾਉਤੀ ਪੈਰੋਕਾਰ ਆਪੋ-ਆਪਣੇ ਅਕੀਦਿਆਂ ਨੂੰ ਹੀ ਸਰਬ ਸ੍ਰੇਸ਼ਟ, ਉੱਤਮ ਤੇ ਇੱਕੋ-ਇੱਕ ਉੱਚਾ ਤੇ ਸੁੱਚਾ ਦਰਸਾਉਣ ਦੀ ਧੁਨ ਵਿੱਚ ਹਰ ਹਰਬਾ ਵਰਤਣ ਵਾਸਤੇ ਸਦਾ ਤਤਪਰ ਰਹਿੰਦੇ ਹਨ। ਅਖਾਉਤੀ ਚਮਤਕਾਰੀ ਬਾਬਿਆਂ ਦੀਆਂ ਹੇੜਾਂ ਨੇ ਚਲਾਕੀ, ਮੱਕਾਰੀ ਤੇ ਹੁਸ਼ਿਆਰੀ ਨਾਲ ਆਮ ਲੋਕਾਈ ਨੂੰ ਵਹਿਮਾਂ-ਭਰਮਾਂ ਦੇ ਮੱਕੜਜਾਲ ਵਿੱਚ ਜਕੜਨ ਲਈ ਅੱਤ ਮਚਾਇਆ ਹੋਇਆ ਹੈ। ਇਨ੍ਹਾਂ ਅਡੰਬਰੀ ਅੱਤਵਾਦੀ ਅੱਡਿਆਂ ਦੀ ਪੁਸ਼ਤਪਨਾਹੀ ਅਖਾਉਤੀ ਸਿਆਸੀ ਆਗੂ ਆਪਣੀਆਂ ਕਮਜੋਰੀਆਂ ਲੁਕਾਉਣ ਲਈ ਕਰਦੇ ਹਨ।

ਜ਼ਿਕਰ ਖਾਧ ਖੁਰਾਕ ਦਾ ਕਰਨਾ ਹੋਵੇ ਤਾਂ ਇੱਕ ਮੈਰਿਜ ਪੈਲੇਸ ਵਿੱਚ ਵਿਆਹ ਦੇ ਨਾਂ ਹੇਠ ਲੱਗੇ ਮੇਲੇ ਦਾ ਦ੍ਰਿਸ਼ ਹੀ ਕਾਫੀ ਹੈ। ਦਲੀਦੀ-ਮਲੀਦੀ ਵਿੱਚ ਨਾ ਧੇਤਿਆਂ ਦਾ ਪਤਾ ਲਗਦਾ ਹੈ ਅਤੇ ਨਾ ਹੀ ਪੁਤੇਤਿਆਂ ਦਾ। ਸੈਂਕੜੇ ਨਹੀਂ ਹਜ਼ਾਰਾਂ ਦੀ ਤਾਦਾਦ ਵਿੱਚ ਇੱਥੇ ਉਮੜੀ ਭੀੜ ਸਵੇਰ ਤੋਂ ਸ਼ਾਮ ਤੀਕ ਬਰਾਤ ਦੇ ਢੁੱਕਣ ਤੋਂ ਵਿਦਾਇਗੀ ਤੀਕ ਖਾਂਦੀ ਘੱਟ ਅਤੇ ਜੂਠ ਦੇ ਅੰਬਾਰ ਲਾਉਣ ਨੂੰ ਸ਼ਾਨ ਸਮਝਦੀ ਹੈ। ਅਚਾਰ, ਚਟਣੀਆਂ, ਪਾਪੜ, ਸਲਾਦ, ਪਕੌੜੇ, ਸਮੋਸੇ, ਗੋਲ-ਗੱਪੇ, ਰੰਗ-ਬਿਰੰਗੇ ਕੋਲਡ ਡਰਿੰਕ, ਕਈ ਕਿਸਮ ਦੀ ਸ਼ਰਾਬ, ਰੁਮਾਲੀ, ਤੰਦੂਰੀ,

ਮਿੱਸੀਆਂ, ਮੱਕੀ ਦੀਆਂ ਰੋਟੀਆਂ, ਮੀਟ, ਮੱਛੀ, ਚਿਕਨ, ਆਂਡੇ, ਭਾਂਤ-ਭਾਂਤ ਦੀਆਂ ਮਠਿਆਈਆਂ, ਦਹੀਂ-ਭੱਲੇ , ਲੱਸੀ, ਕੱਟੇ ਹੋਏ ਫਲ, ਜੂਸ, ਚਾਹ, ਕੌਫੀ, ਸਵੀਟ ਡਿਸ਼ਾਂ, ਆਈਸ ਕਰੀਮ, ਬੋਤਲ ਬੰਦ ਪਾਣੀ ਆਦਿ ਭਲਾ ਕੋਈ ਬੰਦਾ ਕਿਵੇਂ ਤੇ ਕਿੰਨਾ ਕੁ ਖਾ ਸਕਦਾ ਹੈ ? ਸ਼ੋਰ-ਸ਼ਰਾਬੇ, ਢੋਲ-ਢਮੱਕੇ ਦੀ ਤੇ ਇੱਥੇ ਹਨੇਰੀ ਆਈ ਹੁੰਦੀ ਹੈ। ਲੱਚਰ ਗਾਇਕੀ, ਅਸ਼ਲੀਲ ਹਰਕਤਾਂ ਵਾਲੀਆਂ ਬਾਂਦਰ ਟਪੂਸੀਆਂ ਤੇ ਅਧਨੰਗੀਆਂ ਨਾਚੀਆਂ ਤੇ ਹੋ ਰਹੀ ਮਾਇਆ ਦੀ ਵਰਖਾ, ਕਿਹੜੇ ਗ੍ਰਹਿਸਤੀ ਜੀਵਨ ਦਾ ਮੁੱਢ ਬੰਨ੍ਹ ਰਹੇ ਹੁੰਦੇ ਹਨ ? ਵਰਦੀਧਾਰੀ ਚਿੱਟ-ਕੱਪੜੀਏ ਬਹਿਰੇ ਅਤੇ ਪਰੀਆਂ ਵਰਗੀਆਂ ਪਾਰਦਰਸ਼ੀ ਪੁਸ਼ਾਕਾਂ ਵਾਲੀਆਂ ਅਲ੍ਹੜ ਮੁਟਿਆਰਾਂ, ਕਿਹੜੇ ਸੱਭਿਆਚਾਰ ਦੀ ਨੁਮਾਇੰਦਗੀ ਕਰਦੀਆਂ ਨੇ। ਰਹਿੰਦੀ ਕਸਰ ਵੀਡਿਓ ਕੈਮਰਿਆਂ ਵਾਲੇ ਮੂੰਹਾਂ 'ਚ ਚਮਚੇ ਪਾਉਂਦਿਆਂ ਦੀਆਂ ਤਸਵੀਰਾਂ ਖਿੱਚ ਕੇ ਕੱਢ ਦਿੰਦੇ ਨੇ। ਲਾੜਾ ਲਾੜੀ ਨੂੰ ਸੋਫਿਆਂ 'ਤੇ ਬਿਠਾ ਕੇ ਕਤਾਰਾਂ ਵਿੱਚ ਵਾਰੀ ਦੀ ਉਡੀਕ ਕਰਦਿਆਂ, ਨੋਟ ਵਿਖਾ-ਵਿਖਾ ਕੇ ਕੀਤੀ ਅਪਣੱਤ ਦੀ ਅਹਿਮੀਅਤ ਇੰਨੀ ਕੁ ਹੈ ਕਿ ਅਜੇ ਦਾਜ-ਦਹੇਜ, ਮਿਲਣੀਆਂ, ਛੱਲੇ-ਮੁੰਦੀਆਂ, ਕੰਬਲਾਂ ਦੀਆਂ ਪੰਡਾਂ ਤੇ ਦਾਜ ਵਾਲੀਆਂ ਕਾਰਾਂ ਦੀ ਲਾਈਨ ਕਿਹੋ ਜਿਹੇ ਸਮਾਜ ਦੀ ਉਸਾਰੀ ਕਰ ਰਹੇ ਨੇ ? ਇਹ ਅੱਤਵਾਦ ਦਾ ਸਿਖਰ ਨਹੀਂ ਤਾਂ ਹੋਰ ਕੀ ਹੈ ?

ਕੁਦਰਤ ਵਿਰੁੱਧ ਕੀਤੀਆਂ ਕਰਤੂਤਾਂ ਦੀ ਫਰਿਸ਼ਤ ਬਿਨਾਂ ਸ਼ੱਕ ਬਹੁਤ ਲੰਬੀ ਹੈ। ਇਹਨਾਂ ਨੂੰ ਇੱਕ ਹੀ ਲਿਖਤ ਵਿੱਚ ਸਮੇਟਣਾ ਸੰਭਵ ਨਹੀਂ। ਸਿਰਫ ਹੁਣ ਵਾਲੀ ਹੋਈ ਤਬਾਹੀ 'ਤੇ ਮਾਰੀ ਇੱਕ ਝਾਤ ਹੀ ਸਥਿਤੀ ਨੂੰ ਸਮਝਣ ਲਈ ਕਾਫੀ ਹੈ। ਲੰਘੇ ਕੁਝ ਕੁ ਮਹੀਨਿਆਂ ਵਿੱਚ ਹੀ ਅਸੀਂ ਤਾਜਾਂ ਵਾਲੇ, ਤਖ਼ਤਾਂ ਵਾਲੇ, ਮੂਧੇ ਮੂੰਹ ਡਿੱਗਦੇ ਵੇਖੇ ਨੇ। ਸਮਸ਼ਾਨਾਂ, ਕਬਰਿਸਤਾਨਾਂ, ਮਨੁੱਖੀ ਲਾਸ਼ਾਂ ਸਮੇਟਣ ਤੋਂ ਅਸਮਰਥ ਹਨ। ਲਾਇਲਾਜ਼ ਬਿਮਾਰੀ ਦਾ ਇਲਾਜ਼ ਕਰਨ ਵਾਲੇ ਅੱਕੀਂ ਪਲਾਹੀਂ ਹੱਥ ਮਾਰ ਰਹੇ ਹਨ। ਆਪਣੇ-ਆਪ ਨੂੰ ਸਮਰੱਥ ਸਮਝਣ ਵਾਲੇ, ਆਪੇ ਉਸਾਰੇ ਘਰਾਂ ਰੂਪੀ ਕੈਦਖਾਨਿਆਂ ਚ ਡੱਕੇ ਹੋਏ ਨੇ ਅਤੇ ਪਿੰਜਰਿਆਂ ਵਿੱਚ ਕੈਦ, ਪੰਖ-ਪੰਖੇਰੂ ਖੁੱਲ੍ਹੇ ਅੰਬਰੀਂ ਚਹਿਚਹਾਉਂਦੇ ਉਡਾਰੀਆਂ ਮਾਰ ਰਹੇ ਹਨ। ਉੱਜੜੇ ਬਾਗਾਂ ਦੇ ਪਟਵਾਰੀ ਗਾਲੜ੍ਹ, ਨਗਰਾਂ, ਮਹਾਂਨਗਰਾਂ ਵਿੱਚ ਮੌਜ ਮੇਲੇ ਮਨਾਉਂਦੇ, ਗਸ਼ਤ ਕਰ ਰਹੇ ਨੇ। ਕਹਿੰਦੇ ਨੇ ਅਜਿਹਾ ਮੰਜ਼ਰ ਅੱਜ ਤੀਕ ਦੇ ਇਤਿਹਾਸ ਵਿੱਚ ਕਿਸੇ ਨੇ ਕਦੇ ਵੀ ਨਹੀਂ ਦੇਖਿਆ। ਕਈਆਂ ਦਾ ਕਹਿਣਾ ਹੈ ਕਿ ਜੁਗ ਪਲਟ ਰਿਹਾ ਹੈ ਤੇ ਮਹਾਂਮਾਰੀ ਤੋਂ ਪਿੱਛੋਂ ਨਵੇਂ ਜੁੱਗ ਤੇ ਨਵੀਂ ਸੋਚ ਦਾ ਆਗਾਜ਼ ਹੋਵੇਗਾ।

ਸਾਡੀ ਅਲਪ ਮੱਤ ਅਨੁਸਾਰ ਕਰੋਨੇ ਦੀ ਇਹ ਮਹਾਂਮਾਰੀ, ਸਮੁੱਚੀ ਇਨਸਾਨੀਅਤ ਵਾਸਤੇ ਵਿਨਾਸ਼, ਤਬਾਹੀ ਦੀ ਝਲਕ ਹੈ। ਫਿਲਮਾਂ ਦੇ ਟ੍ਰੇਲਰ ਵਾਂਗ ਹੈ। ਜੇ ਅਸੀਂ ਲੀਹ 'ਤੇ ਨਾ ਆਏ ਤਾਂ ਪਰਲੋ ਨੇ ਸਾਡਾ ਹਸ਼ਰ ਵੀ ਡਾਇਨਾਸੋਰਾਂ ਵਾਲਾ ਕਰਨਾ ਹੀ ਕਰਨਾ ਹੈ। ਮਹਾਂ-ਕਾਲ ਦੇ ਤਾਂਡਵ ਨੇ ਮਨੁੱਖੀ ਨਸਲ ਨੂੰ ਵੀ ਭਸਮ ਕਰ ਦੇਣਾ ਹੈ। ਮੌਤ ਦੇ ਅੰਕੜਿਆਂ ਦੀ ਖੇਡ ਤੇ ਕੱਛਾਂ ਵਜਾਉਣ ਤੇ ਕੀਰਨੇ ਪਾਉਣ ਵਾਲੇ ਸਭ ਦੇ ਸਭ ਕਾਲ ਦਾ ਖਾਜਾ ਬਣ ਜਾਣਗੇ। ਆਪਣੇ ਅੰਸ਼ਾਂ ਵੰਸ਼ਾਂ ਨੂੰ ਬਚਾਉਣ ਦਾ ਇੱਕੋ-ਇੱਕ ਤਰੀਕਾ ਹੈ, ਕੁਦਰਤ ਦੀ ਗੋਦ ਵਿੱਚ ਪਰਤਣ ਵਾਲਾ ਰਾਹ। ਕੁਦਰਤ ਦੀ ਪ੍ਰਯੋਗਸ਼ਾਲਾ ਵੱਲ ਮੋੜੇ ਨੇ ਤੱਥਾਂ ਅਨੁਸਾਰ ਪ੍ਰਤੱਖ ਨਤੀਜੇ ਕੱਢ ਸਾਡੇ ਸਾਹਮਣੇ ਰੱਖ ਦਿੱਤੇ ਹਨ। ਕੁਝ ਹਫ਼ਤਿਆਂ ਵਿੱਚ ਹੀ ਧਰਤੀ ਮਾਤਾ, ਪਾਣੀ ਪਿਤਾ ਤੇ ਪੌਣ ਗੁਰੂ ਬਣ ਕੇ ਸਾਨੂੰ ਦਰਸ਼ਨ ਦੇਣ ਲਈ ਆ ਬਹੁੜੇ ਹਨ। ਮਰਜੀ ਸਾਡੀ ਹੈ ਕਿ ਅਸੀਂ ਇਹਨਾਂ ਨੂੰ ਸਤਿਕਾਰ ਸਹਿਤ 'ਜੀ ਆਇਆਂ, ਕਹਿਣਾ ਹੈ ਕਿ ਅਜੇ ਵੀ ਹੂੜਮੱਤੇ ਕਪੁੱਤ ਬਣ, ਮਨਮਰਜੀਆਂ ਹੀ ਕਰਨੀਆਂ ਨੇ।

ਗੁਰਵਾਕ ਹੈ

"ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥"

ਅਤੇ

"ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ।"

---

# ਕੋਰੋਨਾ ਮਹਾਂਮਾਰੀ ਨੇ ਬੇਨਕਾਬ ਕੀਤੇ ਕਈ ਸੱਚ

ਡਾਕਟਰ ਸਰਵਪਰੀਤ ਸਿੰਘ ਦਿੱਲੀ

ਕੋਰੋਨਾ ਮਹਾਂਮਾਰੀ ਨੇ ਸਮੁੱਚੇ ਵਿਸ਼ਵ ਦੇ ਭਾਈਚਾਰੇ ਦੀ ਮਾਨਸਿਕਤਾ ਨੂੰ ਝਕਝੋਰ ਦਿੱਤਾ ਹੈ। ਕੇਵਲ ਬੁੱਧੀਜੀਵੀਆਂ ਤੇ ਵਿਗਿਆਨੀਆਂ ਨੂੰ ਹੀ ਨਹੀਂ ਸਗੋਂ ਹਰ ਇਕ ਸ਼ਖਸ ਨੂੰ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਸ ਮਹਾਂਮਾਰੀ ਦੌਰਾਨ ਜੋ ਸੱਚ ਉੱਭਰ ਕੇ ਸਾਹਮਣੇ ਆਏ ਹਨ ਉਹ ਸੰਖੇਪ ਵਿੱਚ ਇਸ ਪਰਕਾਰ ਹਨ :

–ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਜਿਹੀ ਮਹਾਂਮਾਰੀ ਨਾਲ ਨਜਿੱਠਣ ਲਈ ਸਰਬ ਉੱਚ ਸੰਸਥਾ ਨਹੀਂ ਹੈ .... ਇਸ ਨੂੰ ਆਪਣੀਆਂ ਨੀਤੀਆਂ ਵਿੱਚ ਗੰਭੀਰ ਤਬਦੀਲੀਆਂ ਦੀ ਜ਼ਰੂਰਤ ਹੈ।

–ਐਲੋਪੈਥੀ ਅਤੇ ਪੱਛਮੀ ਮੈਡੀਕਲ ਪ੍ਰਣਾਲੀ ਦੀਆਂ ਗੰਭੀਰ ਖਾਮੀਆਂ ਹਨ .... ਆਯੁਰਵੇਦ ਅਤੇ ਯੋਗ ਵਰਗੇ ਪ੍ਰਾਚੀਨ ਵਿਗਿਆਨ ਅਤੇ ਕੁਦਰਤੀ ਇਲਾਜ ਪ੍ਰਣਾਲੀਆਂ ਨੂੰ ਸਹੀ ਢੰਗ ਨਾਲ ਸ਼ਾਮਲ ਕਰਨ ਦੀ ਜ਼ਰੂਰਤ ਹੈ।

–ਸਰਕਾਰਾਂ ਕੁਝ ਸਥਿਤੀਆਂ ਨੂੰ ਨਜਿੱਠਣ ਲਈ ਯੋਜਨਾ ਬਣਾਉਣ ਅਤੇ ਲਾਗੂ ਕਰਨ ਵਿੱਚ ਕੁਸ਼ਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਵਿੱਚ ਸਫਲ ਨਹੀਂ ਹੋ ਸੱਕੀਆਂ।

–ਹੁਣ ਅੰਕੜੇ ਦਰਸਾਉਂਦੇ ਹਨ ਕਿ ਰੋਗੀਆਂ ਦੀ ਰਿਕਵਰੀ ਦਰ ਚੰਗੀ ਨਾਲੋਂ ਵੱਧ ਹੈ ਅਤੇ ਜਾਨ ਲੇਵਾ ਦਰ ਬਹੁਤ ਘੱਟ ਹੈ ...

–ਇਸ ਲਈ ਆਮ ਲੋਕਾਂ ਵਿਚ ਡਰ ਅਤੇ ਦਹਿਸ਼ਤ ਫੈਲਾਉਣ ਲਈ ਮੀਡੀਆ ਨੂੰ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਵਧੇਰੇ ਜ਼ਿੰਮੇਵਾਰ ਅਤੇ ਨਿਰਪੱਖ ਹੋਣ ਦੀ ਜ਼ਰੂਰਤ ਹੈ।

–ਜ਼ਿਆਦਾਤਰ ਮੌਤਾਂ ਅਖੌਤੀ ਮਾਹਰਾਂ ਦੁਆਰਾ ਗੈਰ–ਪ੍ਰਮਾਣਿਕ ਪੱਛਮੀਂ ਦਵਾਈਆਂ ਦੇ ਪ੍ਰਯੋਗ ਕਾਰਨ ਅਤੇ ਕੁਝ ਮੌਤਾਂ ਅਤੇ ਤਕਲੀਫਾਂ ਅਧਿਕਾਰੀਆਂ ਦੁਆਰਾ ਅਸਪਸ਼ਟ ਜਾਣਕਾਰੀ ਅਤੇ ਗੈਰ ਜ਼ਿੰਮੇਵਾਰ ਰਵੱਈਏ ਦੇ ਕਾਰਨ ਭੀ ਹੋਈਆਂ ਹਨ।

–ਗੈਰ–ਪ੍ਰਮਾਣਿਕ ਮੈਡੀਕਲ ਟੈਸਟ ਕਿੱਟਾਂ, ਇਲਾਜ ਦੇ ਪ੍ਰਯੋਗਾਂ ਅਤੇ ਸਿਹਤ ਉਪਕਰਣਾਂ ਦੀ ਖਰੀਦ ਵਿੱਚ ਦਵਾਈ ਉਦਯੋਗਾਂ ਅਤੇ ਸਰਕਾਰਾਂ ਦੇ ਗਠਜੋੜ ਦਾ ਪਰਦਾਫਾਸ਼ ਹੋਇਆ ਹੈ।

–ਇਹ ਭੀ ਇੱਕ ਸੱਚ ਹੈ ਕਿ ਕੁਦਰਤ ਨੇ ਇਸ ਸਮੇਂ ਦੌਰਾਨ ਪ੍ਰਦੂਸ਼ਿਤ ਵਾਤਾਵਰਣ ਨੂੰ ਠੀਕ ਕਰਨ ਅਤੇ ਇਸ ਨੂੰ ਸਾਫ ਕਰਨ ਦਾ ਆਪਣਾ ਕੰਮ ਕੀਤਾ ਹੈ ਅਤੇ ਹੁਣ ਸਰਕਾਰਾਂ, ਜ਼ਿੰਮੇਵਾਰ ਵਿਭਾਗਾਂ ਅਤੇ ਨਾਗਰਿਕਾਂ ਤੇ ਇਸ ਨੂੰ ਸਾਫ਼ ਰੱਖਣ ਦੀ ਜ਼ਿੰਮੇਵਾਰੀ ਹੈ । ਸ਼ਾਇਦ ਪਰਮਾਤਮਾ ਦਾ ਇਹ ਸਾਨੂੰ ਸਮਝਾਉਣ ਦਾ ਤਰੀਕਾ ਹੈ।

–ਵਿਸ਼ਵ ਵਿਆਪੀ ਆਬਾਦੀ ਨੇ ਕੁਦਰਤੀ ਵਾਤਾਵਰਣ, ਸਿਹਤਮੰਦ ਭੋਜਨ, ਸ਼ਾਂਤ ਮਨ ਅਤੇ ਤੰਦਰੁਸਤੀ ਦੀ ਮਹੱਤਤਾ ਨੂੰ ਮਹਿਸੂਸ ਕੀਤਾ ਹੈ।

–ਸਮੁੱਚੇ ਵਿਸ਼ਵ ਨੇ ਭਾਰਤੀ ਪਰੰਪਰਾਗਤ ਹੱਥ ਜੋੜ ਕੇ ਨਮਸਕਾਰ ਕਰਨ ਦੇ ਤਰੀਕੇ ਦਾ , ਸ਼ਾਕਾਹਾਰ ਭੋਜਨ, ਸੁੱਚ– ਸਫਾਈ ਅਭਿਆਸਾਂ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਦੇ ਭਾਰਤੀ ਗਿਆਨ ਦੀ ਸ਼ਲਾਘਾ ਕੀਤੀ ਹੈ।

–ਭਵਿੱਖ ਵਿਚ ਸਿਰਫ ਸਮਾਂ ਹੀ ਦੱਸੇਗਾ ... ਕਿ ਇਹ ਮਹਾਂਮਾਰੀ ਸਾਜ਼ਿਸ਼ ਦਾ ਨਤੀਜਾ ਹੈ ਜਾਂ ਇਹ ਸਿਹਤ ਏਜੰਸੀਆਂ ਅਤੇ ਸਰਕਾਰਾਂ ਦੀ ਅਯੋਗਤਾ ਕਾਰਨ ਹੈ ... ਪਰ ਇਸ ਨੇ ਪੂਰੀ ਦੁਨੀਆਂ ਦੀ ਆਰਥਿਕਤਾ ਨੂੰ ਖਤਰੇ ਵਿਚ ਪਾ ਦਿੱਤਾ ਹੈ।

–ਖੈਰ ......ਚਾਹੇ ਇਹ ਸਾਜ਼ਿਸ਼ਾਂ ਕਾਰਨ ਹੈ .....ਜਾਂ... ਸਰਕਾਰਾਂ ਅਤੇ ਸਿਹਤ ਏਜੰਸੀਆਂ ਦੀ ਅਯੋਗਤਾ ਦੇ ਕਾਰਨ ਹੈ

...... ਪਰ ਯਕੀਨਨ ਇਹ ਅੱਗੇ ਦਾ ਰਸਤਾ ਨਹੀਂ ਹੈ ਅਤੇ ਪੂਰੇ ਵਿਸ਼ਵ ਨੂੰ ਹੁਣ ਗੰਭੀਰਤਾ ਨਾਲ ਬਦਲਣ ਦੀ ਜ਼ਰੂਰਤ ਹੈ।

# ਕੋਰੋਨਾ, ਸਾਇੰਸ ਅਤੇ ਧਰਮ

ਪ੍ਰੋ. ਅਵਤਾਰ ਸਿੰਘ

ਕੋਰੋਨਾ ਦਾ ਕਹਿਰ ਹਾਲ ਜਾਰੀ ਹੈ ਤੇ ਅਸੀ ਕੌਰੰਨਟੀਨ ਹੋਏ ਹੋਏ ਯੂ-ਟਿਊਬ, ਫੇਸਬਕ, ਵੱਟਸਐਪ ਤੇ ਟੀਵੀ ਦੀ ਹਵਾਲਾਤ ਵਿੱਚ ਵਿਅਸਤ ਹਾਂ। ਕੁਝ ਲੋਕ ਅਜਿਹੇ ਵੀ ਹਨ, ਜੋ ਕਿਤਾਬਾਂ ਨਾਲ ਮੱਥੇ ਮਾਰ ਰਹੇ ਹਨ ਤੇ ਕਈ ਖਾਣ ਪੀਣ ਦੇ ਵੱਟ ਕੱਢ ਰਹੇ ਹਨ।

ਇਸ ਸਮੇਂ ਅਫ਼ਵਾਹਾ ਦੇ ਬਜ਼ਾਰ ਗਰਮ ਹਨ ਤੇ ਬਜ਼ਾਰੀ ਵਸਤਾ ਦੇ ਠੰਢੇ। ਵਸਤਾਂ ਦਾ ਅਦਾਨ ਪ੍ਰਦਾਨ ਓਨਾ ਕੁ ਹੀ ਹੋ ਰਿਹਾ ਹੈ,ਜਿੰਨੇ ਕੁ ਨਾ.ਲ ਅਸੀਂ ਜਿਉਂਦੇ ਰਹਿ ਸਕਦੇ ਹਾਂ ਤੇ ਤੰਦਰੁਸਤ ਹੋ ਸਕਦੇ ਹਾਂ।

ਇਹ ਮਹੌਲ ਭਾਵੇਂ ਸਾਨੂੰ ਵਾਰਾ ਨਾ ਖਾਵੇ, ਪਰ ਕੁਦਰਤ ਬੜੀ ਖੁਸ਼ ਹੈ। ਰੁਖ ਲਿਸ਼ਕ ਰਹੇ ਹਨ,ਜਿਵੇਂ ਹੁਣ ਇਸ਼ਨਾਨ ਕਰਕੇ ਹਟੇ ਹੋਣ। ਪੰਛੀਆਂ ਦਾ ਤਾਂ ਪੁੱਛੋ ਕੁਝ ਨਾ। ਐਂ ਲੱਗਦੈ ਜਿਵੇਂ ਇੰਨਾ ਨੂੰ ਪਤਾ ਹੋਵੇ ਕਿ ਲੁਟ ਲਓ ਨਜ਼ਾਰੇ ਜਿੰਨੇ ਲੁਟ ਹੁੰਦੇ ਆ, ਫਿਰ ਬੰਦੇ ਨੇ ਬਾਹਰ ਨਿਕ.ਲ ਆਉਣੈ।

ਮੈਨੂੰ ਚਹਿਕਦੇ ਤੇ ਟਹਿਕਦੇ ਪੰਛੀਆਂ ਤੇ ਤਰਸ ਆਉਂਦਾ ਹੈ ਤੇ ਕੁਦਰਤ ਦੀ ਤਾਜ਼ਗੀ ਤੇ ਹਾਸਾ ਆਉਂਦਾ ਹੈ ਕਿ ਐਵੇਂ ਮੌਲਣ ਡਹੀ ਹੈ, ਬੰਦੇ ਨੇ ਹਫ਼ਤੇ 'ਚ ਆਨੇ ਵਾਲੀ ਥਾਂ ਤੇ ਲੈ ਆਉਣੀ ਹੈ। ਮੈਨੂੰ ਆਪਣੇ ਹੋਣ ਤੇ ਰੋਣਾਂ ਆਉਂਦਾ ਹੈ ਕਿ ਮੈਂ ਹਰ ਕਿਸੇ ਨੂੰ ਕੋਸਣ ਤੋਂ ਵਧ ਕੇਝ ਨਹੀਂ ਕਰ ਸਕਦਾ। ਦਰਅਸਲ ਮੇਰੇ ਜਿਹੇ ਲੋਕਾਂ ਦੀ ਇਹੀ ਉਦਾਸ ਹੋਣੀ ਹੈ।

ਕੱਲ ਦੀ ਗਲ ਹੈ ਕਿ ਮੈਂ ਦੁਪਿਹਰੇ ਆਪਣੀ ਨਿੱਕੀ ਜਹੀ ਬਗ਼ੀਚੀ 'ਚ ਅੰਬ ਦੇ ਰੁੱਖ ਹੇਠ ਦੁਪਿਹਰਾ ਕੱਟ ਰਿਹਾ ਸੀ ਕਿ ਅਚਾਨਕ ਵਾਤਾਵਰਣ ਵਿਚ ਧੂੰਆਂ ਪਸਰਨ ਲੱਗ ਪਿਆ। ਜਲਦੀ ਹੀ ਜਲਿ਼ਆ ਹੋਇਆ ਫੂਸ ਵੀ ਹਵਾ 'ਚ ਉਡ ਉਡ ਆਉਣ ਲੱਗ ਪਿਆ। ਮੈਂ ਸੋਚਿਆ ਕਿਸੇ ਨੇ ਬਾਹਰ ਕੂੜੇ ਕਰਕਟ ਨੂੰ ਅੱਗ ਲਗਾ ਦਿੱਤੀ ਹੋਣੀ ਹੈ। ਮੈਂ ਗੁੱਸੇ 'ਚ ਉਠਿਆ ਤੇ ਦੇਖਿਆ ਕਿ ਬਾਹਰ ਤਾਂ ਕੋਈ ਵੀ ਨਹੀਂ ਸੀ। ਕਾ.ਲਖ ਏਨੀ ਵੱਧ ਗਈ ਤੇ ਧੂੰਆਂ ਏਨਾ ਸੰਘਣਾ ਹੋ ਗਿਆ ਕਿ ਲੋਕ ਘਰ ਬਾਹਰ ਨਿਕਲਣ ਲੱਗ ਪਏ।

ਮੈਂ ਛੱਤ ਤੇ ਚੜ੍ਹ ਕੇ ਦੇਖਿਆ ਤਾਂ ਸਾਡੇ ਮੁਹੱਲੇ ਦੇ ਨਾਲ ਲੱਗਦੇ ਖੇਤਾਂ ਵਿੱਚ ਕਿਸੇ ਜ਼ਿਮੀਂਦਾਰ ਨੇ ਕਣਕ ਦੀ ਨਾ.ਲੀ ਨੂੰ ਅੱਗ ਲਾਈ ਹੋਈ ਸੀ। ਖੇਤਾਂ ਵਿੱਚ ਅੱਗ ਦੀਆਂ ਲਾਟਾਂ ਇਸ ਤਰ੍ਹਾਂ ਅਸਮਾਨ ਵੱਲ ਉੱਠ ਰਹੀਆਂ ਸਨ, ਜਿਵੇਂ ਕੋਰੋਨਾ ਦਾ ਸਿਵਾ ਬਲਦਾ ਹੋਏ। ਧੂੰਏਂ ਦੇ ਅੰਬਾਰ ਇਵੇਂ ਲੱਗ ਰਹੇ ਸਨ, ਜਿਵੇਂ ਹਿਮਾਲਾ ਸੜ ਕੇ ਸੁਆਹ ਹੋ ਗਿਆ ਹੋਵੇ।

ਦਰਅਸਲ ਕਿਸੇ ਕਿਸਾਨ ਦੇ ਅੰਦਰ ਅੱਗ ਲੱਗੀ ਹੋਈ ਸੀ ਕਿ ਕਿਹੜੀ ਘੜੀ ਕਣਕ ਵੱਢ ਕੇ ਝੋਨਾ ਬੀਜ ਦੇਵੇ। ਉਹਦੇ ਅੰਦਰਲੀ ਅੱਗ ਉਹਨੂੰ ਬਾਹਰਲੀ ਅੱਗ ਦਾ ਪਤਾ ਹੀ ਨਹੀਂ ਲੱਗਣ ਦਿੰਦੀ। ਮੁਨਾਫੇ ਨੇ ਉਹਦਾ ਅੰਦਰ ਇਸ ਤਰ੍ਹਾਂ ਧੁਆਂਖ ਦਿੱਤਾ ਹੈ ਕਿ ਉਹਦੇ ਦਿਲ ਵਿੱਚ ਫੁੱਲਾਂ ਦੀ ਮਹਿਕਣ, ਕੁਦਰਤ ਦੇ ਟਹਿਕਣ ਤੇ ਪੰਛੀਆਂ ਦੇ ਚਹਿਕਣ ਦੀ ਕੋਈ ਕਦਰ ਨਹੀਂ ਬਚੀ।

ਮੈਂ ਨਿੰਮੋਝੂਣਾ ਜਿਹਾ ਹੋ ਕੇ ਹੇਠਾਂ ਉਤਰ ਆਇਆ ਅਤੇ ਮੇਰਾ ਗੁੱਸਾ ਠੰਢਾ ਹੋ ਗਿਆ ਕਿ ਕਿਸਾਨ ਨੂੰ ਸਭ ਕੁਝ ਮਾਫ ਹੈ, ਕਿਉਂਕਿ ਉਹੀ ਤਾਂ ਸਿਰਫ ਅਤੇ ਅਸਲ ਅਸ਼ਰਫ਼-ਉਲ-ਮਖ਼ਲੂਕਾਤ ਹੈ ਤੇ ਬਾਕੀ ਸਭ ਮਾਤਾ ਦਾ ਮਾਲ ਹੈ।

ਮੈਂ ਸੋਚਣ ਲੱਗ ਪਿਆ ਕਿ ਜਿਸ ਦਿਨ ਕਾਰਖਾਨੇ ਚੱਲ ਪਏ ਤੇ ਸ਼ਹਿਰੀਆਂ ਨੇ ਸਫ਼ਾਈਆਂ ਸ਼ੁਰੂ ਕਰ ਦਿੱਤੀਆਂ ਉਸ ਦਿਨ ਕੋਰੋਨਾ ਦਾ ਕੀ, ਕੁੱਲ ਕਾਇਨਾਤ ਦਾ ਸਿਵਾ ਮੁੜ ਕੇ ਫਿਰ ਬਲ ਪੈਣਾ ਹੈ ਤੇ ਅਸੀਂ ਦੇਖਦੇ ਰਹਿ ਜਾਣਾ ਹੈ।

ਸਾਨੂੰ ਪਤਾ ਹੀ ਨਹੀਂ ਹੈ ਕਿ ਜਦ ਅਸੀਂ ਸਫਾਈ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਗੰਦਗੀ ’ਚ ਵਾਧਾ ਕਰ ਰਹੇ ਹੁੰਦੇ ਹਾਂ। ਜਦ ਅਸੀਂ ਹਾਈਜੀਨਿਕ ਹੋ ਰਹੇ ਹੁੰਦੇ ਹਾਂ, ਦਰਅਸਲ ਉਦੋਂ ਅਸੀਂ ਆਪਣੀ ਸਿਹਤ ਨਾਲ ਖਿਲਵਾੜ ਕਰ ਰਹੇ ਹੁੰਦੇ ਹਾਂ। ਹੁਣ ਜਿਹੜਾ ਸੈਨਿਟਾਈਜ਼ੇਸ਼ਨ ਦਾ ਭੂਤ ਸਾਡੇ ਸਿਰ ਤੇ ਸਵਾਰ ਹੋ ਗਿਆ ਹੈ, ਇਹਦਾ ਖਮਿਆਜ਼ਾ ਸਾਨੂੰ ਕਿਸ ਰੂਪ ’ਚ ਭੁਗਤਣਾ ਪੈਣਾ ਹੈ, ਉਹਦਾ ਸਾਨੂੰ ਬਿਲਕੁਲ ਪਤਾ ਨਹੀਂ ਹੈ।

ਸੈਨਿਟਾਈਜ਼ੇਸ਼ਨ ਦਾ ਮੂਲ ਅਰਥ ਸੇਨ ਹੋਣ ਵਿੱਚ ਹੈ ਤੇ ਸੇਨ ਦਾ ਅਰਥ ਤੇ ਇਨਸਾਨ ਹੈ, ਇੰਨਸੇਨ ਨਹੀਂ। ਅੰਗਰੇਜ਼ੀ ਕੋਸ਼ ਵਿੱਚ ਸੇਨ ਦਾ ਅਰਥ ਸੂਝਵਾਨ ਅਰਥਾਤ Proceeding from a sound mind ਦੱਸਿਆ ਗਿਆ ਹੈ।

ਜਿਹਨੇ ਗਿਆਨ ਅਤੇ ਧਿਆਨ ਨਾਲ ਆਪਣੇ ਮਸਤਕ ਨੂੰ ਰੌਸ਼ਨ ਕਰ ਲਿਆ ਹੈ ਅਤੇ ਮਨ ਨੂੰ ਮਾਰ ਲਿਆ ਹੈ। ਉਹ ਸੈਨੇਟਾਈਜ਼ ਹੋ ਗਿਆ ਹੈ। ਪਰ ਹੁਣ ਸੈਨਿਟਾਈਜ਼ ਹੋਣ ਦਾ ਅਰਥ ਸਿਰਫ਼ ਇੱਕ ਤੇਲ ਜਿਹਾ ਹੱਥਾਂ ਨੂੰ ਮਲ ਲੈਣ ਤੱਕ ਸੀਮਤ ਹੋ ਗਿਆ ਹੈ। (ਉਹ ਤੇਲ ਜਿਹਾ ਵੀ ਲਗਾਤਾਰ ਜ਼ਿਆਦਾ ਸਮਾਂ ਵਰਤਣ ਨਾਲ ਸਕਿਨ ਇੰਨਫੈਕਸ਼ਨ ਕਰ ਸਕਦਾ ਹੈ।)

ਜੋ ਵੀ ਹੈ, ਕੁਝ ਲੋਕ ਇਸ ਚੰਦਰੇ ਵਾਤਾਵਰਨ ਵਿੱਚ ਵੱਡੇ ਸਾਇੰਸਦਾਨ ਬਣੇ ਹੋਏ ਹਨ। ਉਹ ਇਸ ਉਮੀਦ ਵਿੱਚ ਹਨ ਕਿ ਸਾਇੰਸਦਾਨ ਜਲਦੀ ਹੀ ਇਸ ਵਾਇਰਸ ਦੀ ਕੋਈ ਦਵਾਈ ਖੋਜ ਲੈਣਗੇ ਤੇ ਕੋਰੋਨਾ ਦਾ ਖੁਰਾ-ਖੋਜ ਮਿਟਾ ਦੇਣਗੇ। ਅਜਿਹੇ ਲੋਕ ਧਾਰਮਿਕ ਲੋਕਾਂ ਦੀਆਂ ਟਿੱਪਣੀਆਂ ਤੇ ਬਹੁਤ ਹੱਸਦੇ ਹਨ ਤੇ ਉਨ੍ਹਾਂ ਨੂੰ ਬਹੁਤ ਨਿਗੂਣੀਆਂ ਸਮਝਦੇ ਹਨ।

ਧਾਰਮਿਕ ਲੋਕ ਵੀ ਘੱਟ ਨਹੀਂ ਹਨ। ਉਹ ਵੀ ਸਾਇੰਸ ਦੇ ਚਹੇਤਿਆਂ ਨੂੰ ਭੰਡਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਉਹ ਸਮਝਦੇ ਹਨ ਕਿ ਰੱਬ ਨੇ ਸਾਇੰਸਦਾਨਾਂ ਨੂੰ ਹੀ ਸਬਕ ਸਿਖਾਉਣ ਲਈ ਕੋਰੋਨਾ ਛੱਡਿਆ ਹੈ।

ਉਹ ਸਮਝਦੇ ਹਨ ਕਿ ਸਾਇੰਸ ਨੇ ਬੰਦੇ ਨੂੰ ਗੁੰਮਰਾਹ ਕੀਤਾ ਹੋਇਆ ਹੈ ਤੇ ਉਹ ਉਲਟ ਰਸਤੇ ਤੁਰਿਆ ਹੋਇਆ ਹੈ। ਇਹਦੀ ਪ੍ਰੋੜਤਾ ਲਈ ਉਹ ਸ਼ਰੇਆਮ ਤੁਰੀ ਫਿਰਦੀ ਦਲੀਲ ਦਿੰਦੇ ਹਨ ਕਿ 'ਵਿਪਰੀਤ ਬੁੱਧੀ ਵਿਨਾਸ਼ ਕਾਲੇ'।

ਸਿਆਸੀ ਲੋਕ ਕਿਸੇ ਮੁਲਕ ਨੂੰ ਦੋਸ਼ੀ ਦੱਸ ਰਹੇ ਹਨ, ਧਰਮ ਵਾਲੇ ਸਾਇੰਸ ਸਿਰ ਦੋਸ਼ ਮੜ੍ਹੀ ਜਾ ਰਹੇ ਹਨ ਤੇ ਸਾਇੰਸ ਵਿਚਾਰੀ ਕਿਸੇ ਨੂੰ ਦੋਸ਼ ਦੇਣ ਦੀ ਬਜਾਏ ਇਹਦਾ ਹੱਲ ਲੱਭ ਰਹੀ ਹੈ। ਧਰਮ ਵਾਲਿਆਂ ਨੂੰ ਕੋਈ ਕੋਰੋਨਾ ਦਾ ਹੱਲ ਪੁੱਛ ਨਹੀਂ ਰਿਹਾ, ਉਹ ਮੱਲੋ ਮੱਲੀ ਦੱਸੀ ਜਾ ਰਹੇ ਹਨ ਤੇ ਸਾਇੰਸ ਵੱਲ ਸਾਰੀ ਖ਼ਲਕਤ ਦੇਖ ਰਹੀ ਹੈ, ਉਹਨੂੰ ਕੁਝ ਸੁੱਝ ਨਹੀਂ ਰਿਹਾ।

ਵੈਸੇ ਬੰਦਾ ਜਦ ਤੁਰਦਾ ਹੈ ਤਾਂ ਉਹ ਅਗਾਂਹ ਵਧਦਾ ਹੈ। ਬੰਦੇ ਲਈ ਅਗਾਂਹ ਦਾ ਅਰਥ ਉਹ ਦਿਸ਼ਾ ਹੈ, ਜਿੱਧਰ ਉਹਦੇ ਪੈਰ ਅਤੇ ਮੁੱਖ ਹਨ। ਇਤਿਹਾਸ ਦੇ ਹਵਾਲੇ ਨਾਲ ਵੀ ਇਹ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਅੱਗੇ ਵੱਲ ਵੱਧ ਰਿਹਾ ਹੈ। ਪਰ ਜੇ ਅਸੀਂ ਭਲੇ ਬੁਰੇ ਦੇ ਹਿਸਾਬ ਨਾਲ ਦੇਖੀਏ ਤਾਂ ਇਹ ਸਾਬਤ ਨਹੀਂ ਕੀਤਾ ਜਾ ਸਕਦਾ ਕਿ ਅੱਗੇ ਵੱਲ ਵੱਧਣਾ ਭਲਾਈ ਦਾ ਕਾਰਜ ਹੈ ਤੇ ਪਿੱਛੇ ਹਟਣਾ ਜਾਂ ਰੁਕਣਾ ਬੁਰਾਈ ਹੈ। ਦਰਅਸਲ ਬੁਰਾ ਭਲਾ ਕੁਝ ਨਹੀਂ ਹੈ। ਕਦੇ ਅੱਗੇ ਵਧਣ ਵਿੱਚ ਭਲਾ ਹੁੰਦਾ ਹੈ ਤੇ ਰੁਕਣ ਵਿੱਚ ਬੁਰਾਈ ਹੁੰਦੀ ਹੈ। ਕਦੇ ਰੁਕਣ ਵਿੱਚ ਭਲਾ ਹੁੰਦਾ ਹੈ ਅੱਗੇ ਵਧਣ ਵਿੱਚ ਬੁਰਾਈ ਹੁੰਦੀ ਹੈ।

ਜਿਹੜੀ ਵੀ ਚੀਜ਼ ਚੱਲਦੀ ਹੈ, ਉਹਨੂੰ ਦੋ ਚੀਜ਼ਾਂ ਜ਼ਰੂਰ ਲੱਗੀਆਂ ਹੁੰਦੀਆਂ ਹਨ। ਜਿਵੇਂ ਸਾਈਕਲ ਨੂੰ ਪੈਡਲ ਤੇ ਬ੍ਰੇਕਾਂ ਲੱਗੀਆਂ ਹੁੰਦੀਆਂ ਹਨ। ਇਵੇਂ ਬਾਕੀ ਤਮਾਮ ਗੱਡੀਆਂ ਮੋਟਰਾਂ ਨੂੰ ਐਕਸੀਲੇਟਰ ਤੇ ਬ੍ਰੇਕਾਂ ਲੱਗੀਆਂ ਹੁੰਦੀਆਂ ਹਨ। ਕਿਸੇ ਵੀ ਗੱਡੀ ਨੂੰ ਚਲਾਉਣ ਲੱਗਿਆਂ ਉਹਦੇ ਐਕਸੀਲੇਟਰ ਦੀ ਬਜਾਏ ਬ੍ਰੇਕਾਂ ਚੈੱਕ ਕਰਨੀਆਂ ਬਹੁਤ ਜ਼ਰੂਰੀ ਹੁੰਦੀਆਂ ਹਨ। ਐਕਸੀਲੇਟਰ ਖ਼ਰਾਬ ਹੋਵੇ ਤਾਂ ਗੱਡੀ ਚੱਲੇਗੀ ਨਹੀਂ ਤੇ ਜੇ ਗੱਡੀ ਚੱਲੇਗੀ ਨਹੀਂ ਤਾਂ ਅਸੀਂ ਮਰਾਂਗੇ ਵੀ ਨਹੀਂ। ਪਰ ਜੇ ਅਸੀਂ ਬ੍ਰੇਕਾਂ ਚੈੱਕ ਕੀਤੇ ਬਿਨਾਂ ਗੱਡੀ ਚਲਾ ਲਈ ਤੇ ਐਕਸੀਲੇਟਰ ਦੱਬ ਦਿੱਤਾ ਤਾਂ ਕਿਸੇ ਮੋੜ ਤੇ ਬ੍ਰੇਕ ਨੇ ਕੰਮ ਨਾ ਕੀਤਾ ਤਾਂ ਦੁਰਘਟਨਾ ਯਕੀਨੀ ਹੈ। ਸੇਫ ਡਰਾਈਵਿੰਗ ਲਈ ਬ੍ਰੇਕ ਦਾ ਇਲਮ ਅਤੇ ਹੁਨਰ ਹੋਣਾ ਲਾਜ਼ਮੀ ਹੈ। ਏਨਾ ਹੀ ਨਹੀਂ ਕਿ ਬ੍ਰੇਕ ਕਿਵੇਂ ਨੱਪਣੀ ਹੈ। ਬਲਕਿ ਇਹ ਪਤਾ ਹੋਣਾ ਚਾਹੀਦਾ ਹੈ ਕਿ ਬ੍ਰੇਕ ਕਦੋਂ, ਕਿੱਥੇ ਅਤੇ ਕਿੰਨੀ ਕੁ ਨੱਪਣੀ ਹੈ। ਕਿਸੇ ਖੜ੍ਹੀ ਗੱਡੀ ਦੀਆਂ ਹੀ ਬੇਵਜਹ ਬ੍ਰੇਕਾਂ ਨੱਪੀ ਰੱਖਣੀਆਂ ਵੀ ਧਰਮ ਨਹੀਂ, ਮੂਰਖਤਾ ਹੀ ਕਹੀ ਜਾਵੇਗੀ।

ਮੈਂ ਸਮਝਦਾ ਹਾਂ ਕਿ ਸਾਇੰਸ ਦਾ ਐਕਸੀਲੇਟਰ ਜਾਂ ਪੈਡਲ ਸਾਨੂੰ ਤੁਰਨਾ ਸਿਖਾਉਂਦਾ ਹੈ ਅਤੇ ਧਰਮ ਦੀਆਂ ਬ੍ਰੇਕਾਂ ਸਾਨੂੰ ਮਰਨੋਂ ਬਚਾਉਂਦੀਆਂ ਹਨ। ਧਰਮ ਦੀਆਂ ਬ੍ਰੇਕਾਂ ਹੀ ਸਾਨੂੰ ਦੱਸਦੀਆਂ ਹਨ ਕਿ ਅੱਗਾ ਕਿਹੜਾ ਹੈ ਅਤੇ ਪਿੱਛਾ ਕਿਹੜਾ ਹੈ ਤੇ ਸਾਨੂੰ ਰੋਕ-ਰੋਕ ਕੇ ਸਮਝਾਉਂਦੀਆਂ ਹਨ ਕਿ ਬੁਰਾ ਕੀ ਹੈ ਤੇ ਭਲਾ ਕੀ ਹੈ।

ਇਹ ਗੱਲ ਇੰਦਾਂ ਵੀ ਕਹੀ ਜਾ ਸਕਦੀ ਹੈ ਕੇ ਸਾਇੰਸ ਸਾਡੇ ਹੱਥਾਂ ਨੂੰ ਸੈਨਿਟਾਈਜ਼ ਕਰਨਾ ਸਿਖਾਉਂਦੀ ਹੈ ਅਤੇ ਧਰਮ ਰੂਹ ਨੂੰ ਸੈਨਿਟਾਈਜ਼ ਕਰਨ ਦੇ ਗੁਰ ਦੱਸਦਾ ਹੈ। ਹੱਥ ਸਾਫ ਹੋਣ ਤੇ ਰੂਹ ਨਾਪਾਕ ਹੋਵੇ ਤਾਂ ਗੱਲ ਨਹੀਂ ਬਣਦੀ ਤੇ ਜੇ ਰੂਹ ਸ਼ੱਫ਼ਾਫ਼ ਹੋਵੇ ਤੇ ਹੱਥ ਨਾਪਾਕ ਹੋਣ ਤਾਂ ਵੀ ਚੰਗਾ ਨਹੀਂ ਲੱਗਦਾ। ਆਉ ਸਾਇੰਸ ਦੇ ਐਕਸੀਲੇਟਰ ਤੇ ਧਰਮ ਦੀਆਂ ਬ੍ਰੇਕਾਂ ਦਾ ਇਸ ਕਦਰ ਇਸਤੇਮਾਲ ਕਰੀਏ ਕਿ ਕਰੋਨਾ ਦੇ ਕਹਿਰ ਜਾਂ ਭਿਆਨਕ ਮੋੜ ਤੋਂ ਬਚ ਕੇ ਲੰਘ ਜਾਈਏ। ਕਿਤੇ ਉਹੀ ਗੱਲ ਨਾ ਹੋਵੇ ਕਿ ਆਪਾਂ ਗਏ ਗੁਜ਼ਰੇ ਜ਼ਮਾਨੇ ਦੀ ਬਾਤ ਬਣ ਜਾਈਏ ਕਿ ਇੱਕ ਸੀ ਇਨਸਾਨ......

# ਕੋਰੋਨਾ ਵਾਇਰਸ, ਡਰੋ ਨਾ ਜਾਗਰੂਕ ਹੋਵੋ, ਚੜ੍ਹਦੀ ਕਲਾ ਵਿੱਚ ਰਹੋ।

ਡਾ. ਲਖਵੀਰ ਸਿੰਘ ਰਾਮਪੂਰਾ ਫੂਲ (ਬਠਿੰਡਾ)

ਕੋਰੋਨਾ ਵਾਇਰਸ ਨੇ ਸਮੁੱਚੀ ਦੁਨੀਆਂ ਵਿੱਚ ਆਪਣੀ ਦਹਿਸ਼ਤ ਫੈਲਾਈ ਹੈ। ਸਮੁੱਚੀ ਦੁਨੀਆਂ ਨੂੰ ਹਿਲਾਕੇ ਰੱਖ ਦਿੱਤਾ ਹੈ। ਚੀਨ ਤੋਂ ਸ਼ੁਰੂ ਹੋ ਕੇ ਇਹ ਵਾਇਰਸ ਅੰਤਰ ਰਾਸ਼ਟਰੀ ਆਵਾਜਾਈ ਨਾਲ ਦੁਨੀਆਂ ਵਿੱਚ ਫੈਲਿਆ ਜਿਸ ਨਾਲ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਇਸ ਮਹਾਂਮਾਰੀ ਨੇ ਆਪਣੇ ਪੰਜੇ ਵਿੱਚ ਦਬੋਚ ਲਿਆ ਹੈ। ਦੁਨੀਆਂ ਦੇ 160 ਦੇਸ਼ਾਂ ਵਿੱਚ ਕਰੋਨਾ ਦੀ ਦਹਿਸ਼ਤ ਅਸਾਧਾਰਨ ਰੂਪ ਵਿੱਚ ਫੈਲੀ ਹੋਈ ਹੈ। ਲਾਗ ਦੀ ਇਸ ਬਿਮਾਰੀ ਨੇ ਗਰੀਬ ਤੋਂ ਅਮੀਰ ਤੱਕ, ਇਕ ਮੰਤਰੀ ਤੋਂ ਭਿਖਾਰੀ ਤੱਕ, ਵਿਗਿਆਨੀ ਤੋਂ ਆਮ ਆਦਮੀ ਤੱਕ ਸਭ ਨੂੰ ਡਰਾਇਆ ਹੋਇਆ ਹੈ। ਮੀਡੀਆ, ਚੈਨਲਾਂ, ਫੇਸਬੁੱਕ, ਵਟਸਐਪ, ਟਵਿੱਟਰ ਦੇ ਸੁਨੇਹਿਆਂ ਨੇ ਦੁਨੀਆਂ ਭਰ ਵਿੱਚ ਫੈਲ ਰਹੀ ਅਤੇ ਦਿਨੋ ਦਿਨ ਵਧ ਰਹੀ ਮੌਤ ਦਰ ਦੇ ਅੰਕੜਿਆਂ ਨੇ ਮਨੁੱਖੀ ਮਨ ਵਿੱਚ ਤੌਖਲੇ ਪੈਦਾ ਕਰ ਦਿੱਤੇ ਹਨ। ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਹੁੰਦੀਆਂ ਮੌਤਾਂ ਨੂੰ ਵੇਖਕੇ, ਚੀਨ ਵਿੱਚ ਮਰ ਰਹੇ ਲੋਕਾਂ ਦੇ ਧੜਾ-ਧੜ ਨੱਪੇ ਜਾ ਰਹੇ ਤਬੂਤਾਂ ਨੂੰ ਵੇਖਕੇ, ਮੰਤਰੀ, ਸਿਹਤ ਮੰਤਰੀ, ਡਾਕਟਰ, ਡਾਕਟਰੀ ਸਟਾਫ, ਪ੍ਰਸ਼ਾਸਨਿਕ ਅਧਿਕਾਰੀ, ਪੁਲਿਸ ਅਫਸਰ ਅਤੇ ਕੈਨੇਡਾ ਦੇ ਰਾਸ਼ਟਰਪਤੀ ਟਰੂਡੋ ਦੀ ਪਤਨੀ ਨੂੰ ਪਾਜੇਟਿਵ ਵੇਖਕੇ ਲੋਕੀਂ ਏਨੇ ਸਹਿਮ ਗਏ ਹਨ ਕਿ ਆਮ ਆਦਮੀ ਨੂੰ ਆਪਣੇ ਦੋਸਤ-ਮਿੱਤਰ, ਰਿਸ਼ਤੇਦਾਰ, ਗਵਾਂਢੀ, ਬੱਚੇ, ਬੁੱਢਿਆਂ ਤੋਂ ਭੈਅ ਆਉਣ ਲੱਗ ਪਿਆ। ਸਪਰਸ਼ ਨਾਲ, ਛਿੱਕ ਜਾਂ ਖੰਘ ਨਾਲ ਫੈਲਣ ਵਾਲੀ ਇਸ ਲਾਗ ਦੀ ਬਿਮਾਰੀ ਤੋਂ ਡਰਦਿਆਂ ਮਨੁੱਖ ਨੂੰ ਸਬਜ਼ੀਆਂ, ਫਲਾਂ, ਵਸਤਾਂ ਅਤੇ ਵਸਤਾਂ ਨਾਲ ਆਏ ਲਿਫਾਫਿਆਂ, ਦੁੱਧ ਵਾਲੀਆਂ ਕੇਨੀਆਂ, ਗੈਸ ਸਲੰਡਰ ਦੇਣ ਵਾਲੇ ਭਾਈਆਂ ਅਤੇ ਬਾਹਰੋਂ ਖਰੀਦੇ ਗੈਸ ਸਿਲੰਡਰਾਂ, ਗੇਟ, ਦਰਵਾਜਿਆਂ ਦੀਆਂ ਹੱਥੀਆਂ, ਪੈਰਾਂ ਵਿੱਚ ਪਾਏ ਬੂਟ-ਚੱਪਲਾਂ ਇਥੋਂ ਤੱਕ ਕਿ ਅਖਬਾਰਾਂ, ਮੈਗਜ਼ੀਨਾਂ, ਰਸਾਲਿਆਂ ਅਤੇ ਸਮਾਨ ਖ੍ਰੀਦਣ ਵੇਲੇ ਦਿੱਤੇ ਤੇ ਲਏ ਨੋਟਾਂ ਦੇ ਸਪਰਸ਼ ਵਿੱਚੋਂ ਵੀ ਮੌਤ ਨਜ਼ਰ ਆਉਣ ਲੱਗੀ ਹੈ।

ਮੀਡੀਏ ਰਾਹੀਂ ਜਾਗਰੂਕਤਾ ਦਾ ਸੁਨੇਹਾਂ ਇਸ ਕਦਰ ਫੈਲਿਆ ਕਿ ਲੋਕ ਆਪਣੀਆਂ ਕਦਰਾਂ ਕੀਮਤਾਂ, ਆਪਣਾ ਗੌਰਵਮਈ ਵਿਰਸਾ, ਆਪਣੇ ਜ਼ਰੂਰੀ ਬਣਦੇ ਫਰਜ਼ ਇਥੋਂ ਤੱਕ ਭੁੱਲ ਗਏ ਕਿ ਜਿਹੜੇ ਮਾਂ-ਬਾਪ ਨੇ ਬੱਚਿਆਂ ਨੂੰ ਪਾਲਿਆ ਪਲੋਸਿਆ ਸੀ, ਜਾਇਦਾਦਾਂ ਬਣਾਕੇ ਜੀਵਨ ਦਿੱਤਾ ਸੀ ਉਸ ਔਲਾਦ ਨੇ ਕਰੋਨਾ ਵਾਇਰਸ ਨਾਲ ਰੱਬ ਨੂੰ ਪਿਆਰੇ ਹੋਏ ਆਪਣੇ ਮਾਤਾ-ਪਿਤਾ ਦੀਆਂ ਲਾਸ਼ਾਂ ਲੈਣ ਤੋਂ ਇਨਕਾਰ ਕਰ ਦਿੱਤਾ। ਇਕ ਪਾਵਨ ਪਵਿੱਤਰ ਰੂਹ, ਮਹਾਨ ਰਾਗੀ, ਪੂਰੀ ਜਿੰਦਗੀ ਗੁਰਬਾਣੀ ਦਾ ਕੀਰਤਨ ਕਰਨ ਵਾਲੇ ਭਾਈ ਨਿਰਮਲ ਸਿੰਘ ਖਾਲਸਾ ਦੇ ਪੰਜ ਭੂਤਕ ਸਰੀਰ ਦਾ ਸਸਕਾਰ ਕਰਨ ਤੋਂ ਵਰਜਣ ਵਾਲੇ ਪਿੰਡ ਵਾਸੀਆਂ ਵੱਲੋਂ ਮਨੁੱਖਤਾ ਦੇ ਮੱਥੇ ਤੇ ਨਾ ਮੇਟਿਆ ਜਾ ਸਕਣ ਵਾਲਾ ਕਲੰਕ ਲਗਾਇਆ ਹੈ।

ਲੌਕਡਾਊਨ ਅਤੇ ਕਰਫਿਊ ਨੂੰ ਪੂਰਨ ਕਾਮਯਾਬ ਬਣਾਉਣ ਲਈ ਵੱਖ-ਵੱਖ ਥਾਵਾਂ ਤੇ ਪੁਲਿਸ ਕਰਮੀਆਂ ਵੱਲੋਂ ਲੋਕਾਂ ਨੂੰ ਸਮਝਾਉਣ ਦੀ ਥਾਂ ਕੀਤਾ ਅੰਨਾ ਤਸ਼ੱਦਦ, ਲੋਕਾਂ ਵੱਲੋਂ ਪੁਲਿਸ ਤੇ ਕੀਤੇ ਹਮਲੇ, ਪੁਲਿਸ ਕਰਮੀ ਦੇ ਹੱਥ ਦਾ ਕੱਟਿਆ ਜਾਣਾ, ਡਾਕਟਰੀ ਅਮਲੇ ਤੇ ਵੱਖ-ਵੱਖ ਥਾਵਾਂ ਤੇ ਹੋਏ ਪਥਰਾਵ ਪਿਛੇ ਸਿਹਤ ਸਹੂਲਤਾਂ ਦੀ ਕਮੀ, ਜਾਗਰੂਕਤਾ ਦੀ ਕਮੀ ਅਤੇ ਮਰੀਜਾਂ ਨਾਲ ਵਧੀਆ ਵਰਤ ਵਰਤਾ ਦੀ ਕਮੀ ਵਰਗੇ ਵੱਡੇ ਕਾਰਨ ਹਨ। ਮੰਨ ਲਉ ਇਕ ਪਰਿਵਾਰ ਵਿੱਚੋਂ ਚੰਗੇ ਭਲੇ ਆਦਮੀ ਦੀ ਰਿਪੋਰਟ ਪਾਜੇਟਿਵ ਆ ਗਈ ਤਾਂ ਉਸ ਆਦਮੀ ਅਤੇ ਪਰਿਵਾਰ ਹੇਠੋਂ ਜ਼ਮੀਨ ਖਿਸਕ ਜਾਂਦੀ ਹੈ। ਉਪਰੋਂ ਉਸ ਆਦਮੀ ਨੂੰ ਸਿਹਤ ਕਰਮਚਾਰੀ ਇਕ ਦੋਸ਼ੀ ਮੁਜਰਮ ਵਾਂਗ ਲੈਣ ਆਉਂਦੇ ਹਨ, ਜੇਕਰ ਉਹ ਜਾਣ ਤੋਂ ਇਨਕਾਰ ਕਰਦਾ ਹੈ ਤਾਂ ਬਾਹਰ ਪੁਲਿਸ ਦਾ ਅਮਲਾ ਫੈਲਾ ਖੜ੍ਹਾ ਹੈ। ਜੇਕਰ ਮਰੀਜ ਫਿਰ ਵੀ ਨਹੀਂ ਜਾਣਾ ਚਹੁੰਦਾ ਤਾਂ ਪੁਲਿਸ ਦੇ ਕਠੋਰ ਵਿਵਹਾਰ ਅੱਗੇ ਉਸਨੂੰ ਝੁਕਣਾ ਪੈਂਦਾ ਹੈ। ਉਸ

ਪਾਜੇਟਿਵ ਮਰੀਜ ਨੂੰ ਇਕਾਂਤਵਾਸ ਵਿੱਚ ਇਕ ਕਮਰੇ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ ਜਿਥੇ ਉਸ ਦਾ ਪਤਾ ਲੈਣ, ਉਸ ਨੂੰ ਮਿਲਣ ਕੋਈ ਨਹੀਂ ਜਾ ਸਕਦਾ ਤੇ ਸਿਹਤ ਮਹਿਕਮਾ ਵੀ ਉਸ ਦੀ ਦੇਖ ਭਾਲ ਵਿੱਚ ਕੋਈ ਤਵੱਜੋ ਨਹੀਂ ਦਿੰਦਾ ਸੀ। ਦੂਸਰੇ ਪਾਸੇ ਪਾਜੇਟਿਵ ਮਰੀਜ਼ ਦੇ ਪਰਿਵਾਰ, ਰਿਸ਼ਤੇਦਾਰ ਅਤੇ ਜਿਹੜੇ ਜਿਹੜੇ ਆਦਮੀਆਂ ਨੂੰ ਉਹ ਮਿਲਿਆ ਸਭ ਦੀ ਛਾਣ ਬੀਣ ਹੁੰਦੀ ਹੈ। ਮੌਤ ਵਰਗੇ ਇਸ ਸਾਏ ਤੋਂ ਹਰ ਆਦਮੀ ਡਰ ਨਾਲ ਭੈਅ ਭੀਤ ਹੋ ਜਾਂਦਾ ਹੈ। ਕੀ ਜਿਹੜੀਆਂ ਵੀ ਹੁਣ ਮੌਤਾਂ ਹੋ ਚੁੱਕੀਆ ਹਨ ਜਾਂ ਹੋ ਰਹੀਆਂ ਹਨ ਉਹਨਾਂ ਪਿਛੇ ਕਾਰਨ ਕਰੋਨਾਵਾਰਿਸ ਹੈ? ਜਾਂ ਡਰ ਜਾਂ ਸ਼ੂਗਰ ਜਾਂ ਹਾਰਟ ਅਟੈਕ? ਵਗੈਰਾ।

ਸਿਹਤ ਮਹਿਕਮੇ ਦੀ ਅਜਿਹੀ ਬੰਦਸ਼ ਵਿੱਚੋਂ ਭੱਜ ਕੇ ਖੁਦਕਸ਼ੀ ਕਰਨ ਦਾ ਵੀ ਸਮਾਚਾਰ ਹੈ ਤੇ ਭਾਈ ਨਿਰਮਲ ਸਿੰਘ ਦੀ ਮੌਤ ਦਾ ਕਾਰਨ ਤਾਂ ਦੁਨੀਆਂ ਸਾਹਮਣੇ ਪ੍ਰਤੱਖ ਹੈ ਕਿ ਉਹਨਾਂ ਦੀ ਮੌਤ ਕਰੋਨਾ ਕਰਕੇ ਨਹੀਂ ਸਗੋਂ ਕਰੋਨਾ ਦੇ ਡਰ ਵਿੱਚੋਂ ਉਪਜੇ ਭੈਅ ਕਾਰਨ ਹਾਰਟਅਟੈਕ ਨਾਲ ਹੋਈ। ਮੌਤ ਤੋਂ ਕੁਝ ਘੰਟੇ ਪਹਿਲਾਂ ਉਨ੍ਹਾਂ ਦੀ ਆਪਣੇ ਪੁੱਤਰ ਨਾਲ ਫੋਨ ਤੇ ਹੋਈ ਗੱਲ ਇਸਦੀ ਸਟੀਕ ਗਵਾਹੀ ਹੈ।

ਮੈਂ ਆਪਣੀ ਪਿਛਲੇ 30 ਸਾਲਾਂ ਦੀ ਮੈਡੀਕਲ ਪ੍ਰੈਕਟਿਸ ਦੌਰਾਨ ਪਿਛਲੇ ਸਮੇਂ ਤੋਂ ਲੈ ਕੇ ਅੱਜ ਤੱਕ ਵੇਖ ਰਿਹਾ ਹਾਂ ਕਿ ਜੇਕਰ ਮਰੀਜ਼ ਡਰ ਗਿਆ ਤਾਂ ਉਸਦਾ ਅਮਿਊਨ ਸਿਸਟਮ ਕਮਜ਼ੋਰ ਪੈ ਜਾਂਦਾ ਹੈ। ਜੇਕਰ ਮਰੀਜ਼ ਨਿਰਾਸ਼ਾਵਾਦੀ ਹੈ ਅਤੇ ਬਿਮਾਰੀ ਪ੍ਰਤੀ ਠੀਕ ਹੋਣ ਲਈ ਹੌਂਸਲੇ ਵਿੱਚ ਨਹੀਂ ਤਾਂ ਉਸਦੀ ਬਿਮਾਰੀ ਪੇਚੀਦਾ ਹੋ ਜਾਂਦੀ ਹੈ। ਡਰਿਆ ਹੋਇਆ ਅਤੇ ਨਿਰਾਸ਼ ਆਦਮੀ ਆਮ ਬਿਮਾਰੀਆਂ ਦਾ ਮੁਕਾਬਲਾ ਵੀ ਨਹੀਂ ਕਰ ਸਕਦਾ ਉਸ ਲਈ ਆਮ ਬਿਮਾਰੀਆਂ ਵੀ ਅੜੀਅਲ ਬਣ ਜਾਂਦੀਆਂ ਹਨ ਅਤੇ ਇਸਦੇ ਮੁਕਾਬਲੇ ਆਸ਼ਾਵਾਦੀ ਅਤੇ ਹੌਂਸਲੇ ਵਾਲੇ ਮਰੀਜ਼ ਅੱਗੇ ਗੰਭੀਰ ਬਿਮਾਰੀਆਂ ਵੀ ਗੋਡੇ ਟੇਕ ਦਿੰਦੀਆਂ ਹਨ। ਬਹੁਤ ਸਾਰੀਆਂ ਸਰੀਰਕ ਬਿਮਾਰੀਆਂ ਵੀ ਮਾਨਸਿਕ ਡਰ ਵਿਚੋਂ ਉਪਜਦੀਆਂ ਹਨ। ਮਾਨਸਿਕ ਤੌਰ ਤੇ ਬਿਮਾਰੀਆਂ ਨੂੰ ਲੈ ਕੇ ਕਮਜ਼ੋਰ ਮਨ ਵਾਲੇ ਵਿਅਕਤੀ ਦੀਆਂ ਸਧਾਰਨ ਬਿਮਾਰੀਆਂ ਵੀ ਗੰਭੀਰ ਰੂਪ ਧਾਰਨ ਕਰ ਜਾਂਦੀਆਂ ਹਨ ਤੇ ਕਈ ਵਾਰ ਬਿਮਾਰੀ ਕੋਈ ਹੁੰਦੀ ਹੀ ਨਹੀਂ, ਆਦਮੀ ਰੱਬ ਨੂੰ ਪਿਆਰਾ ਹੋ ਜਾਂਦਾ ਹੈ। ਸੱਪ ਦੇ ਡੱਸਣ ਦੀ ਉਦਾਹਰਣ ਸਾਡੇ ਕੋਲੋਂ ਪ੍ਰਤੱਖ ਹੈ ਕਿ 90 ਪ੍ਰਤੀਸ਼ਤ ਸੱਪ ਜ਼ਹਿਰੀਲੇ ਹੀ ਨਹੀਂ ਹੁੰਦੇ ਪਰ ਸੱਪ ਦੇ ਡੱਸਣ ਨਾਲ ਬਹੁਤੇ ਆਦਮੀ ਮਰ ਜਾਂਦੇ ਹਨ। ਅਸਲ ਵਿੱਚ ਬਹੁਗਿਣਤੀ ਲੋਕ ਜ਼ਹਿਰ ਨਾਲ ਨਹੀਂ ਸਗੋਂ ਦਹਿਲਕੇ ਮਰਦੇ ਹਨ।

ਉਂਝ ਤਾਂ ਮੇਰੀ ਪ੍ਰੈਕਟਿਸ ਦੌਰਾਨ ਮੇਰੇ ਤਜਰਬੇ ਵਿੱਚ ਸੈਂਕੜੇ ਉਦਾਹਰਣਾਂ ਹਨ ਪਰ ਮੇਰੇ ਸਾਹਮਣੇ ਵਾਪਰੀ ਲਾਲ ਸਿੰਘ ਨਾਮੀ ਵਿਅਕਤੀ ਦੀ ਉਦਾਹਰਣ ਮੈਨੂੰ ਕਦੀ ਨਹੀਂ ਭੁਲਦੀ। ਜਿਸਨੂੰ ਬਠਿੰਡੇ ਦੇ ਇਕ ਹਸਪਤਾਲ ਨੇ ਅੰਤੜੀਆਂ ਦਾ ਕੈਂਸਰ ਦੱਸ ਦਿੱਤਾ ਅਤੇ ਪਟਿਆਲੇ ਦੇ ਰਾਜਿੰਦਰਾ ਹਸਪਤਾਲ ਨੇ ਰਿਪੋਰਟ ਨੈਗੇਟਿਵ ਦੱਸ ਦਿੱਤੀ। ਉਸਦਾ ਪਰਿਵਾਰ ਦੁਚਿੱਤੀ ਅਤੇ ਉਲਝਣ ਵਿੱਚ ਫਸੇ ਹੋਣ ਕਾਰਨ ਮੇਰੇ ਕੋਲ ਆਇਆ ਮੈਂ ਉਹਨਾਂ ਨੂੰ ਰਾਏ ਦਿੱਤੀ ਕਿ ਇਕ ਵਾਰ ਪੀ.ਜੀ. ਆਈ. ਦਿਖਾ ਆਉ। ਪੀ.ਜੀ.ਆਈ. ਵਿਚੋਂ ਵੀ ਰਿਪੋਰਟ ਨੈਗੇਟਿਵ ਆ ਗਈ, ਪਰ ਲਾਲ ਸਿੰਘ ਮਾਨਸਿਕ ਤੌਰ ਤੇ ਡਰ ਗਿਆ ਕਿ ਉਸਨੂੰ ਗੰਭੀਰ ਬਿਮਾਰੀ ਹੈ ਘਰ ਦੇ ਦੱਸਦੇ ਨਹੀਂ। ਉਸ ਨੂੰ ਪੀ.ਜੀ.ਆਈ. ਦੇ ਡਾਕਟਰਾਂ ਨੇ ਵੀ ਸਮਝਾ ਦਿੱਤਾ ਕਿ ਤੂੰ ਨਿਰੋਗ ਹੈ। ਫਿਰ ਉਹ ਇਕ ਦਿਨ ਮੇਰੇ ਕੋਲ ਲੈ ਕੇ ਆਏ। ਮੈਂ ਤਿੰਨੋਂ ਰਿਪੋਰਟਾਂ ਸਾਹਮਣੇ ਰੱਖਕੇ ਉਸਨੂੰ ਚੰਗੀ ਤਰ੍ਹਾਂ ਸਮਝਾਇਆ ਕਿ ਤੈਨੂੰ ਕੋਈ ਰੋਗ ਨਹੀਂ, ਪਰ ਉਸਦੇ ਕਹੇ ਸ਼ਬਦ ਮੈਨੂੰ ਅੱਜ ਵੀ ਯਾਦ ਹਨ। ਉਸਨੇ ਲੰਮਾ ਹਉਕਾ ਭਰਕੇ ਆਖਿਆ "ਕੂਕਾ ਸਾਹਿਬ ਹੁਣ ਕਾਹਨੂੰ ਧਰਵਾਸੇ ਦਿੰਦੇ ਹੋ ਜੋ ਹੋਣਾ ਸੀ ਹੋ ਗਿਆ, ਨਾਲੇ ਮੈਨੂੰ ਕਿਹੜਾ ਰਿਪੋਰਟਾਂ ਪੜ੍ਹਨੀਆਂ ਆਉਂਦੀਆਂ ਨੇ ?" ਤੇ ਡਰ ਕਾਰਨ ਹੀ ਉਹ ਆਦਮੀ ਕੁਝ ਕੁ ਦਿਨਾਂ ਵਿੱਚ ਹੀ ਸਰੀਰ ਤਿਆਗ ਗਿਆ। ਉਸਨੂੰ ਬਿਮਾਰੀ ਤਾਂ ਹੈ ਹੀ ਨਹੀਂ ਸੀ। ਬਸ ਮਨ ਵਿੱਚ ਡਰ ਬੈਠ ਗਿਆ ਕਿ ਮੈਨੂੰ ਕੈਂਸਰ ਹੈ। ਪੰਜਾਬ ਦੇ ਤਰਕਸ਼ੀਲ ਆਗੂ ਰਾਜਿੰਦਰ ਭਦੌੜ ਜੀ ਮੇਰੇ ਪਰਮ ਮਿੱਤਰ ਹਨ। ਮਾਨਸਕਿ ਤੌਰ ਤੇ ਭੂਤ ਪ੍ਰੇਤਾਂ ਦੇ ਚੱਕਰ ਵਿੱਚ ਪਏ ਗੰਭੀਰ ਮਰੀਜ਼ਾਂ ਲਈ ਸਿਹਤ ਵਿਭਾਗ ਦੇ ਡਾਕਟਰਾਂ ਕੋਲ ਨੀਂਦ ਵਿੱਚ ਡਬੋ ਕੇ ਰੱਖਣ ਤੋਂ ਇਲਾਵਾ ਕੋਈ ਇਲਾਜ ਹੀ ਨਹੀਂ। ਇਹ

ਮਰੀਜ ਚੀਕਾਂ ਮਾਰਦੇ ਹਨ, ਰੌਲਾ ਪਾਉਂਦੇ ਹਨ ਤੇ ਇਕ ਅਗਰਵਾਲ ਪਰਿਵਾਰ ਦੀ ਨਵ-ਵਿਆਹੁਤਾ ਲੜਕੀ ਨੂੰ ਅਜਿਹਾ ਦੌਰਾ ਪੈਂਦਾ ਉਹ ਦਸ ਦਸ ਵਿਅਕਤੀਆਂ ਨੂੰ ਵਗਾਹ ਮਾਰਦੀ। ਡਾਕਟਰਾਂ ਕੋਲ ਕੋਈ ਇਲਾਜ ਨਹੀਂ ਸੀ, ਪਰ ਰਾਜਿੰਦਰ ਭਦੌੜ ਦੀਆਂ ਦੋ ਬੈਠਕਾਂ (ਮੀਟਿੰਗਾਂ) ਨਾਲ ਅੱਜ ਤੱਕ ਬੱਚੀ ਸਿਹਤਯਾਬ ਹੈ। ਮਨ ਦਾ ਡਰ ਹਟ ਗਿਆ ਉਹ ਬੱਚੀ ਰਾਜੀ ਹੋ ਗਈ। ਇਕ ਹੋਰ ਉਦਾਹਰਣ ਜੋ ਆਪਣੀ ਪ੍ਰੈਕਟਿਸ ਵਿੱਚ ਆਮ ਵੇਖਦਾ ਹਾਂ। ਘਰ ਵਿਚ ਕੰਮ ਕਾਰ ਕਰਦੀ ਤੰਦਰੁਸਤ ਚੰਗੀ ਭਲੀ ਔਰਤ ਨੂੰ ਜਦੋਂ ਕਿਸੇ ਮੌਤ ਜਾਂ ਦੁਰਘਟਨਾ ਦਾ ਫੋਨ ਆ ਜਾਂਦਾ ਹੈ ਤਾਂ ਉਹ ਤੰਦਰੁਸਤ ਔਰਤ ਡਰ ਕਾਰਨ ਇਕ ਦਮ ਘਬਰਾ ਜਾਂਦੀ ਹੈ ਕਈ ਕੇਸਾਂ ਵਿੱਚ ਉਸਦਾ ਬਲੱਡ ਪ੍ਰੈਸ਼ਰ 200 ਤੱਕ ਪਹੁੰਚ ਜਾਂਦਾ ਹੈ, ਕਈ ਵਾਰ ਕਿਸੇ ਨੂੰ ਉਲਟੀਆਂ ਲੱਗ ਜਾਂਦੀਆਂ ਹਨ, ਮਿੰਟਾਂ ਵਿੱਚ ਦਸਤ ਆ ਜਾਂਦੇ ਹਨ, ਤ੍ਰੇਲੀਆਂ ਆ ਜਾਂਦੀਆਂ ਹਨ। ਕਈ ਟਾਂਵੇ ਵਿਰਲੇ ਮਰੀਜਾਂ ਨੂੰ ਦੰਦਲਾਂ ਅਤੇ ਦੌਰੇ ਵੀ ਪੈ ਜਾਂਦੇ ਹਨ। ਸਰੀਰਕ ਤੌਰ ਤੇ ਤਾਂ ਇਹ ਗੰਭੀਰ ਬਣਿਆ ਮਰੀਜ਼ ਕੁਝ ਮਿੰਟ ਪਹਿਲਾਂ ਹੀ ਚੰਗਾ ਭਲਾ ਸੀ ਪਰ ਦਰਦਨਾਕ ਘਟਨਾ ਵਾਲਾ ਫੋਨ ਸੁਨਣ ਸਮੇਂ ਲੱਗਿਆ ਮਾਨਸਿਕ ਸਦਮਾ ਉਸਦੀ ਸਰੀਰਕ ਤੰਸਰੁਸਤੀ ਨੂੰ ਹਿਲਾਕੇ ਰੱਖ ਦਿੰਦਾ ਹੈ।

ਇਹੋ ਕੁਝ ਕਰੋਨਾ ਵਾਇਰਸ ਦੀ ਡਰਾਉਣੀ ਚਰਚਾ ਸੁਣਕੇ ਹੋ ਰਿਹਾ ਹੈ। ਮੀਡੀਆ ਅਤੇ ਸਾਰੇ ਪ੍ਰਚਾਰਕ ਤੰਤਰ ਨੇ ਲੋਕਾਂ ਨੂੰ ਜਾਗਰੂਕ ਕਰਦਿਆਂ ਨੇ, ਮਿੰਟ-ਮਿੰਟ ਤੇ ਵਧਦੇ ਮਰੀਜ਼ਾਂ ਦੇ ਅੰਕੜੇ ਪ੍ਰਸਾਰਤ ਕਰਦਿਆਂ ਨੇ, ਸਮਾਜ ਨੂੰ ਇਸ ਹੱਦ ਤੱਕ ਡਰਾ ਦਿੱਤਾ ਹੈ ਕਿ ਲੋਕ ਕਰੋਨਾ ਦਾ ਨਾਂਅ ਸੁਣਦਿਆਂ ਹੀ ਤ੍ਰਬਕ ਰਹੇ ਹਨ। ਜੇਕਰ ਕਿਸੇ ਵਿਅਕਤੀ ਦਾ ਨਿਰਧਾਰਿਤ ਹਦਾਇਤਾਂ ਮੁਤਾਬਕ ਕਰੋਨਾ ਦਾ ਟੈਸਟ ਕਰਾਉਣਾ ਪੈ ਗਿਆ ਤਾਂ ਵਿਅਕਤੀ ਅਤੇ ਵਿਅਕਤੀ ਦਾ ਪਰਿਵਾਰ, ਦੋਸਤ, ਮਿੱਤਰ ਡਰ ਨਾਲ ਸੁੰਨ ਹੋ ਜਾਂਦੇ ਹਨ, ਕੰਬ ਜਾਂਦੇ ਹਨ। ਰੱਬ ਨਾ ਕਰੇ ਜਦੋਂ ਕਿਸੇ ਦਾ ਟੈਸਟ ਪਾਜੇਟਿਵ ਆ ਗਿਆ ਤਾਂ ਪਰਿਵਾਰ ਭਿਅੰਕਰ ਖੋਫ ਵਿੱਚ ਡੁੱਬ ਜਾਂਦਾ ਹੈ, ਪਰਿਵਾਰ ਰੋਂਦਾ ਹੈ, ਤਬਾਅ ਹੋਇਆ ਮਹਿਸੂਸ ਕਰਦਾ ਹੈ, ਪੈਰਾਂ ਹੇਠੋਂ ਜ਼ਮੀਨ ਖਿਸਕ ਜਾਂਦੀ ਹੈ, ਪਰਿਵਾਰ ਸੁੱਧ ਬੁਧ ਖੋ ਬੈਠਦਾ ਹੈ। ਪਾਜੇਟਿਵ ਆਇਆ ਵਿਅਕਤੀ ਮੌਤ ਨੂੰ ਸਾਹਮਣੇ ਖੜ੍ਹੀ ਵੇਖਦਾ ਹੈ। ਉਸਨੂੰ ਆਪਣੀ ਮੌਤ ਤੋਂ ਵੀ ਵੱਧ ਡਰ ਲਗਦਾ ਹੈ, ਆਪਣਾ ਪਰਿਵਾਰ, ਆਪਣੀ ਪਤਨੀ, ਆਪਣੇ ਲਾਡਾਂ ਨਾਲ ਪਾਲੇ ਬੱਚੇ ਸਭ ਮੌਤ ਦੇ ਮੂੰਹ ਵਿੱਚ ਪਏ ਦਿਸਦੇ ਹਨ। ਕਰੋਨਾ ਦੇ ਭੈਅ ਦੇ ਮੁਕਾਬਲੇ ਉਸਨੂੰ ਆਪਣੀ ਮੌਤ ਵੀ ਛੋਟੀ ਲਗਦੀ ਹੈ। ਅਜਿਹੇ ਡਰ ਕਾਰਨ ਅਨੇਕਾਂ ਲੋਕ ਮਾਨਸਿਕ ਤੌਰ ਤੇ ਡਿਪਰੈਸ਼ਨ ਵਿੱਚ ਹਨ। ਪੰਜਾਬ ਦੇ ਪਿੰਡ ਸੁਖਿਆਲਾ ਦੇ ਪਤੀ ਪਤਨੀ ਨੇ ਅਜਿਹੇ ਭਿਅੰਕਰ ਡਰ ਕਾਰਨ ਖੁਦਕਸ਼ੀ ਕਰ ਲਈ। ਇਕ ਨੌਜਵਾਨ ਨੇ ਕਰੋਨਾ ਟੈਸਟ ਦੇ ਰਿਜੱਲਟ ਆਉਣ ਤੋਂ ਪਹਿਲਾਂ ਹੀ ਖੁਦਕਸ਼ੀ ਕਰ ਲਈ ਕਿ ਜੇਕਰ ਰਿਜੱਲਟ ਪਾਜੇਟਿਵ ਆ ਗਿਆ ਤਾਂ ਪਤਾ ਨਹੀਂ ਮੌਤ ਤੋਂ ਵੀ ਖਤਰਨਾਕ ਕਿਹੜੀਆਂ ਦਰਦਨਾਕ ਪ੍ਰਸਥਿਤੀਆਂ ਨਾਲ ਤੜਪ ਕੇ ਮਰਨਾ ਪਵੇਗਾ। ਜਾਂ ਭਾਰਤ ਦਾ ਕਰੋਨਾ ਮਰੀਜਾਂ ਲਈ ਘੜਿਆ ਸਿਸਟਮ ਕਿਸ ਢੰਗ ਨਾਲ ਮੌਤ ਦੇ ਮੂੰਹ ਵਿੱਚ ਲੈ ਕੇ ਜਾਵੇਗਾ, ਜਦੋਂ ਕਿ ਭਾਰਤ ਵਿੱਚ ਕਰੋਨਾ ਮਰੀਜਾਂ ਦੀ ਮੌਤ ਦਰ ਕੇਵਲ 3 ਤੋਂ 4 ਪ੍ਰਤੀਸ਼ਤ ਹੈ, 3-4% ਵਿਚੋਂ ਵੀ ਕਿੰਨੇ ਕਰੋਨਾ ਨਾਲ ਮਰੇ ਹਨ ਅਤੇ ਕਿੰਨੇ ਕਰੋਨਾ ਦੇ ਡਰ ਜਾਂ ਹੋਰ ਬਿਮਾਰੀਆਂ ਨਾਲ, ਅਜਿਹੀਆਂ ਪ੍ਰਸਥਿਤੀਆਂ ਵਿੱਚ ਹੱਦੋਂ ਵੱਧ ਡਰੇ ਹੋਏ ਅਜਿਹੇ ਵਿਅਕਤੀ ਦੀ ਮਾਨਸਿਕ ਸਥਿਤੀ ਦਾ ਅਸੀਂ ਖੁਦ ਅੰਦਾਜ਼ਾ ਲਗਾ ਸਕਦੇ ਹਾਂ। ਜਿਸ ਵਿਅਕਤੀ ਦੀ ਮਾਨਸਿਕ ਸਥਿਤੀ ਏਨੀ ਡਾਵਾਂਡੋਲ ਅਤੇ ਡਰਾਉਣੀ ਹੋਵੇਗੀ ਕੀ ਉਸਦਾ ਬਲੱਡ-ਪ੍ਰੈਸ਼ਰ, ਸ਼ੂਗਰ, ਧੜਕਣ, ਮਨੋਬਲ, ਦਿਮਾਗੀ ਸਥਿਤੀ ਸਥਿਰ ਹੋਵੇਗੀ? ਕੀ ਅਜਿਹੇ ਡਾਵਾਂਡੋਲ ਮਾਨਸਿਕ ਸਥਿਤੀ ਵਾਲੇ ਮਨੁੱਖ ਅੰਦਰ ਹਾਰਮੋਨਜ਼, ਡੋਪਾਸਿਨ, ਐਡਰੋਫਿਨ, ਆਕਸੀਟੌਸਿਨ, ਸਿਰੋਟਾਨਿਨ ਵਰਗੇ ਰਸ ਪੈਦਾ ਹੋਣ ਤੋਂ ਬਿਨਾਂ ਆਦਮੀ ਪ੍ਰਸਥਿਤੀਆਂ ਦਾ ਟਾਕਰਾ ਕਰ ਸਕੇਗਾ? ਅਸੀਂ ਸੰਤੁਸ਼ਟ, ਆਸ਼ਾਵਾਦੀ ਅਤੇ ਖੁਸ਼ ਨਹੀਂ ਹੋਵਾਂਗੇ ਤਾਂ ਜਿੰਦਗੀ ਤੰਦਰੁਸਤੀ ਦੀ ਲੀਹ ਤੇ ਲੰਮਾ ਸਮਾਂ ਨਹੀਂ ਚੱਲ ਸਕੇਗੀ। ਸਰੀਰ ਵਿੱਚ ਗੁਰਦੇ ਉਤੇ ਫਿੱਟ ਇਕ ਛੋਟੇ ਜਿਹੇ ਐਡਰੀਨਲ ਗਲੈਂਡ ਦੀ ਗੱਲ ਕਰੀਏ ਤਾਂ ਜੇਕਰ ਵਿਅਕਤੀ ਮਾਨਸਿਕ ਤੌਰ ਤੇ ਖੁਸ਼, ਸੰਤੁਸ਼ਟ ਅਤੇ ਅਨੰਦ ਵਿਚ ਹੈ ਤਾਂ ਇਹ ਗਲੈਂਡ ਸਰੀਰ ਵਿੱਚ ਅਜਿਹੇ ਰਸ ਅਤੇ ਤੱਤ ਪੈਦਾ ਕਰਦਾ ਹੈ ਜਿਸ ਨਾਲ ਸਰੀਰ ਵਿੱਚ ਪਈਆਂ

ਭਿਆਨਕ ਬਿਮਾਰੀਆਂ ਅਤੇ ਕਾਰਬਨ ਤੱਤਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਸਰੀਰ ਵਿੱਚ ਨਵੀਂ ਸੰਚਾਰ ਸ਼ਕਤੀ ਦਾ ਪ੍ਰਵਾਹ ਚਲਦਾ ਹੈ। ਪਰ ਜੇਕਰ ਇਹੋ ਵਿਅਕਤੀ ਕਿਸੇ ਮਾਨਸਿਕ ਡਰ, ਸੰਤਾਪ ਜਾਂ ਸਦਮੇਂ ਵਿੱਚ ਚਲਿਆ ਗਿਆ ਤਾਂ ਇਹੋ ਐਡਰੀਨਲ ਗਲੈਂਡ ਸਰੀਰ ਵਿੱਚ ਅਜਿਹੇ ਖਤਰਨਾਕ ਤੱਤ ਪੈਦਾ ਕਰਦਾ ਹੈ ਜਿਸ ਨਾਲ ਭਿਆਨਕ ਬਿਮਾਰੀਆਂ ਹਸਦੀ ਵਸਦੀ ਕਾਇਆ ਨੂੰ ਆ ਘੇਰਦੀਆਂ ਹਨ। ਅੰਤਰ ਰਾਸ਼ਟਰੀ ਪ੍ਰਸਿੱਧ ਲੇਖਰ ਹਰੇਸ ਫਲੇਚਰ ਆਪਣੇ ਕੀਤੇ ਅਧਿਐਨ ਵਿੱਚ ਲਿਖਦੇ ਹਨ ਕਿ–

"ਭੈਅ ਦੇ ਕਾਰਨ ਮਾਨਸਿਕ, ਚਰਿੱਤਰਕ ਤੇ ਅਧਿਆਤਮਕ ਪਤਨ ਹੋ ਜਾਂਦਾ ਹੈ ਕਈ ਵਾਰ ਮਨੁੱਖ ਦੀ ਕੁਝ ਸਮੇਂ ਲਈ ਮਨੁੱਖੀ ਜੀਵਨ ਸ਼ਕਤੀ ਮੌਤ ਸਮਾਨ ਹੋ ਜਾਂਦੀ ਹੈ। ਸਰੀਰ ਦੇ ਤੰਤੂ ਮਰ ਜਾਂਦੇ ਹਨ ਅਤੇ ਸਰੀਰ ਦੇ ਵਿਕਾਸ ਦਾ ਮਾਰਗ ਬੰਦ ਹੋ ਜਾਂਦਾ ਹੈ।"

ਡਰ ਨੂੰ ਮਿੰਟ-ਮਿੰਟ ਬਾਅਦ ਦੁਨੀਆਂ ਵਿੱਚ ਕਰੋਨਾ ਦੇ ਵਧਦੇ ਮਾਮਲਿਆਂ ਦੇ ਅੰਕੜੇ ਦੱਸ ਕੇ ਫੈਲਾਇਆ ਗਿਆ ਹੈ ਜਦੋਂ ਕਿ ਡਰ ਤਾਂ ਅਮਿਉਨਿਟੀ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਜੇਕਰ ਮਰੀਜ ਨੂੰ ਭਿਅੰਕਰ ਖੌਫ ਦੀ ਥਾਂ ਹੌਂਸਲਾ ਮਿਲਦਾ ਤਾਂ ਮੌਤ ਦਾ ਅੰਕੜਾ ਵੱਡੀ ਗਿਣਤੀ ਵਿੱਚ ਹੇਠਾਂ ਹੋਣਾ ਸੀ। ਉਘੇ ਦਾਰਸ਼ਨਿਕ ਅਚਾਰੀਆ ਰਜਨੀਸ਼ (ਓਸ਼ੋ) ਦੀ ਆਪਣੇ ਸਮੇਂ ਵਿੱਚ ਮਹਾਂਮਾਰੀ ਬਾਰੇ ਸੁਣਾਈ ਹੋਈ ਇਕ ਮਨੋਵਿਗਿਆਨਕ ਕਹਾਣੀ ਮੌਜੂਦਾ ਹਾਲਾਤਾਂ ਤੇ ਪੂਰੀ ਢੁਕਦੀ ਹੈ।

"ਇਕ ਯੁਨਅਤ ਨਾਮ ਦਾ ਫਕੀਰ ਸੀ ਜੋ ਮਨਸੂਰ ਦਾ ਗੁਰੂ ਸੀ। ਉਹ ਬਗਦਾਦ ਵਿੱਚ ਰਹਿੰਦਾ ਸੀ। ਬਗਦਾਦ ਦੇ ਬਾਹਰ ਵਾਰ ਉਸਦੀ ਝੌਂਪੜੀ ਸੀ। ਇਕ ਦਿਨ ਯੁਨਅਤ ਵੇਖਦਾ ਹੈ ਕਿ ਇਕ ਕਾਲਾ ਛਾਯਾ ਬਗਦਾਦ ਵੱਲ ਆਉਂਦਾ ਹੈ। ਫਕੀਰ ਕਹਿੰਦਾ ਹੈ– "ਰੁਕ! ਤੂੰ ਕੌਣ ਹੈ? ਤਾਂ ਕਾਲਾ ਛਾਯਾ ਕਹਿੰਦਾ ਹੈ– "ਮੈਂ ਮੌਤ ਹਾਂ, ਬਗਦਾਦ ਵਿੱਚ 500 ਵਿਅਕਤੀ ਮਾਰਨੇ ਹਨ। ਪਰ 15 ਦਿਨਾਂ ਵਿੱਚ ਹੀ ਬਗਦਾਦ ਵਿੱਚ 5000 ਵਿਅਕਤੀ ਮਰ ਗਏ। ਜਦ ਕਾਲਾ ਛਾਯਾ ਬਗਦਾਦ ਤੋਂ ਬਾਹਰ ਜਾ ਰਿਹਾ ਸੀ ਤਾਂ ਫਕੀਰ ਨੇ ਰੋਕਿਆ ਅਤੇ ਪੁਛਿਆ ਕਿ ਤੂੰ ਝੂਠ ਕਿਉਂ ਬੋਲਿਆ ਤੂੰ 500 ਵਿਅਕਤੀ ਮਾਰਨੇ ਸਨ ਪਰ ਮਰ 5000 ਗਏ ਹਨ ਤਾਂ ਕਾਲੇ ਛਾਯਾ ਨੇ ਅੱਗੋਂ ਜਵਾਬ ਦਿੱਤਾ– "ਮੈਂ ਤਾਂ 500 ਹੀ ਮਾਰੇ ਹਨ ਬਾਕੀ ਤਾਂ ਮਰਦਿਆਂ ਨੂੰ ਦੇਖਕੇ ਹੀ ਮਰ ਗਏ।" ਡਰ ਕਾਰਨ ਅਜਿਹੀ ਸਥਿਤੀ ਹੀ ਸਾਡੀ ਹੈ।

ਵਾਇਰਸ ਦਾ ਜਨਮ ਅਤੇ ਵਾਇਰਸਾਂ ਦੀ ਪ੍ਰਕਿਰਿਆ ਤਾਂ ਕੁਦਰਤ ਦਾ ਇਕ ਅਟੁੱਟ ਅੰਗ ਹੈ। ਹਰ ਥਾਂ ਵਾਇਰਸ ਹਨ, ਸੈਂਕੜੇ ਵਾਇਰਸ ਹਨ ਅਤੇ ਦਿਨੋਂ ਦਿਨ ਵਿਗਿਆਨ ਦੀਆਂ ਖੋਜਾਂ ਨਾਲ ਨਵੇਂ ਤੋਂ ਨਵੇਂ ਵਾਇਰਸਾਂ ਦੀਆਂ ਖੋਜਾਂ ਵੀ ਹੋ ਰਹੀਆਂ ਹਨ। ਅਨੇਕਾਂ ਵਾਇਰਸਾਂ ਦਾ ਜਨਮ ਕੁਦਰਤ ਦੀ ਛੇੜ ਛਾੜ ਵਿਚੋਂ ਵੀ ਹੋ ਰਿਹਾ ਹੈ। ਕਰੋਨਾ ਵਾਇਰਸ ਨੂੰ ਵੀ ਚਮਗਿੱਦੜਾਂ ਵਿਚੋਂ ਪੈਦਾ ਹੋਣ ਦੀ ਗੱਲ ਚਰਚਾ ਵਿੱਚ ਹੈ। ਜੋ ਮਾਸਾਹਾਰੀਆਂ ਰਾਹੀਂ ਮਨੁੱਖੀ ਸਰੀਰ ਵਿੱਚ ਆਇਆ ਹੈ। ਵਿਸ਼ਲੇਸ਼ਣ ਕੀਤਿਆਂ ਸਪੱਸ਼ਟ ਹੁੰਦਾ ਹੈ ਕਿ ਕਰੋਨਾ ਵਾਇਰਸ ਤੋਂ ਖਤਰਨਾਕ ਵਾਇਰਸ ਤਾਂ ਪਹਿਲਾਂ ਹੀ ਸਾਡੇ ਆਲੇ ਦੁਆਲੇ ਵਿਚ ਹਨ ਜਿੰਨਾਂ ਦੀ ਮੌਤ ਦਰ ਕਰੋਨਾ ਤੋਂ ਕਿਤੇ ਵੱਧ ਹੈ ਜਿੰਨਾ ਤੋਂ ਅਸੀਂ ਜਾਣੂੰ ਹਾਂ, ਉਹਨਾਂ ਨਾਲ ਅਸੀਂ ਰਹਿਣਾ ਸਿੱਖਿਆ ਹੋਇਆ ਹੈ।

ਵਿਸ਼ਵ ਸਿਹਤ ਸੰਸਥਾ ਮੁਤਾਬਕ ਹਰ ਸਾਲ ਲਾਗ ਦੀਆਂ ਅਤੇ ਆਮ ਬਿਮਾਰੀਆਂ ਨਾਲ ਮਰਨ ਵਾਲਿਆਂ ਦੀ ਗਿਣਤੀ 95 ਲੱਖ 36 ਹਜ਼ਾਰ ਇਕ ਸੌ ਹੈ ਜਿਸਦੇ ਹਿਸਾਬ ਨਾਲ ਹਰਟ ਅਟੈਕ, ਸ਼ੂਗਰ ਅਤੇ ਕੈਂਸਰ ਦੀਆਂ ਬਿਮਾਰੀਆਂ ਨਾਲ ਹਰ ਰੋਜ਼ 15,936 ਮੌਤਾਂ ਹੋ ਰਹੀਆਂ ਹਨ। 10189 ਮੌਤਾਂ ਹਰ ਰੋਜ਼ ਡਾਇਰੀਆ (ਉਲਟੀਆਂ-ਟੱਟੀਆਂ) ਨਾਲ ਹੋ ਰਹੀਆਂ ਹਨ। 4386 ਵਿਅਕਤੀ ਹਰ ਰੋਜ਼ ਇਕੱਲੇ ਕੈਂਸਰ ਨਾਲ ਮਰ ਜਾਂਦੇ ਹਨ। 783 ਲੋਕ ਹਰ ਰੋਜ਼ ਸ਼ੂਗਰ ਕਾਰਨ ਰੱਬ ਨੂੰ ਪਿਆਰੇ ਹੋ ਜਾਂਦੇ ਹਨ। 3287 ਆਦਮੀ ਪ੍ਰਤੀ ਦਿਨ ਹਵਾ ਪ੍ਰਦੂਸ਼ਣ ਨਾਲ ਹੀ ਦਮ ਤੋੜ ਜਾਂਦੇ ਹਨ। ਪਿਛਲੇ ਵਰ੍ਹੇ, 6 ਲੱਖ ਲੋਕ ਟੀ.ਬੀ ਅਤੇ ਕੈਂਸਰ ਨਾਲ ਹੀ ਮਰ ਗਏ। 1 ਲੱਖ ਲੋਕ ਸਾਲ ਵਿੱਚ ਮਲੇਰੀਏ ਨਾਲ ਹੀ ਮਰ ਜਾਂਦੇ ਹਨ। ਸੜਕ ਹਾਦਸਿਆਂ ਵੱਲ ਨਜ਼ਰ ਮਾਰੀਏ ਤਾਂ ਭਾਰਤ ਵਿੱਚ ਹਰ ਰੋਜ਼ 1369 ਸੜਕ ਹਾਸਦੇ ਹੀ ਵਾਪਰ ਜਾਂਦੇ ਹਨ ਜਿੰਨਾਂ ਵਿੱਚ 410 ਉਹ ਵਿਅਕਤੀ ਮਰ ਜਾਂਦੇ

ਹਨ ਜਿੰਨਾਂ ਦੀ ਉਮਰ 18 ਤੋਂ 35 ਸਾਲ ਵਿਚਕਾਰ ਹੁੰਦੀ ਹੈ। ਗਰੀਬੀ ਰੇਖਾ ਤੋਂ ਹੇਠਾਂ ਕਪੋਸ਼ਣ ਅਤੇ ਭੁਖਮਾਰੀ ਨਾਲ ਮਰਨ ਵਾਲੀ 32% ਮੌਤਾਂ ਦੀ ਗਿਣਤੀ ਇਸ ਤੋਂ ਬਾਹਰ ਹੈ।

ਪਿਛਲ ਝਾਤ ਮਾਰਦੇ ਹੋਏ ਏਡਜ਼ ਦੀ ਬਿਮਾਰੀ ਦੀ ਗੱਲ ਕਰੀਏ ਤਾਂ ਜਦੋਂ ਏਡਜ਼ ਦਾ ਹਊਆ ਸਮਾਜ ਵਿੱਚ ਫੈਲਿਆ ਸੀ ਤਾਂ ਉਦੋਂ ਵੀ ਇਹੋ ਪ੍ਰਚਾਰਿਆ ਗਿਆ ਸੀ ਕਿ ਸਪਰਸ਼ ਨਾਲ ਫੈਲਦੀ ਹੈ, ਦਰਵਾਜਿਆਂ ਦੀਆਂ ਹੱਥੀਆਂ ਨਾਲ ਫੈਲਦੀ ਹੈ, ਸੂਈਆਂ ਅਤੇ ਸਰੀਰਕ ਸਬੰਧਾਂ ਨਾਲ ਫੈਲਦੀ ਹੈ। ਜੋ ਬਹੁਤ ਖਤਰਨਾਕ ਬਿਮਾਰੀ ਹੈ। ਪਰ ਦੂਸਰੀਆਂ ਪ੍ਰਚਲਤ ਬਿਮਾਰੀਆਂ ਦੇ ਮੁਕਾਬਲੇ 1987 ਈ. ਤੋਂ ਲੈ ਕੇ ਅੱਜ ਤੱਕ 33 ਸਾਲਾਂ ਵਿੱਚ ਏਡਜ਼ ਨਾਲ ਮਰਨ ਵਾਲਿਆਂ ਦੀ ਗਿਣਤੀ 12000 ਹੈ। ਭਾਵ ਇਕ ਸਾਲ ਵਿੱਚ 363 ਤੇ ਇਕ ਦਿਨ ਵਿੱਚ ਸਿਰਫ ਇਕ ਮੌਤ ਹੋ ਰਹੀ ਹੈ ਜਦੋਂ ਕਿ ਉੱਘੇ ਡਾਕਟਰ ਬਿਸ਼ਵ ਰੂਪ ਰਾਏ ਚੌਧਰੀ ਅਤੇ ਡਾ. ਅਮਰ ਸਿੰਘ ਆਜ਼ਾਦ ਦਾ ਇਹ ਦਾਅਵਾ ਹੈ ਕਿ ਏਡਜ਼ ਨਾਲ ਅੱਜ ਤੱਕ ਇਕ ਵੀ ਮੌਤ ਨਹੀਂ ਹੋਈ ਅਤੇ ਜਿਹੜੀਆਂ ਵੀ ਮੌਤਾਂ ਹੋਈਆਂ ਹਨ ਸਿਰਫ ਮਰੀਜ਼ ਦੀ ਅਮਿਊਨਟੀ ਘਟਣ ਅਤੇ ਮਨ ਦੇ ਡਰ ਕਾਰਨ ਹੋਈਆਂ ਹਨ।ਭਾਰਤ ਵਿੱਚ ਏਡਜ਼ ਖਿਲਾਫ ਵੱਡੇ ਪੱਧਰ ਤੇ ਪ੍ਰੋਗ੍ਰਾਮ ਚਲਾਏ ਜਾ ਰਹੇ ਹਨ। ਭਾਰਤ ਸਰਕਾਰ ਦੇ ਸਿਹਤ ਬਜਟ ਦਾ ਵੱਡਾ ਹਿੱਸਾ ਸਿਰਫ ਏਡਜ਼ ਦੀ ਰੋਕਥਾਮ ਲਈ ਖਰਚਿਆ ਜਾਂਦਾ ਹੈ। ਬਿਨਾ ਸੋਚੇ ਸਮਝੇ, ਬਣ ਰਹੇ ਹਾਲਾਤਾਂ ਦੇ ਅੰਦਾਜੇ ਮੁਤਾਬਕ ਹੁਣ ਅਗਲਾ ਅਜਿਹਾ ਵਾਇਰਸ ਕੋਵਿਡ-19 ਆ ਗਿਆ ਲਗਦਾ ਹੈ। ਸਰਕਾਰੀ ਰਿਪੋਰਟਾਂ ਅਤੇ ਅੰਕੜਿਆਂ ਮੁਤਾਬਕ ਅਤੇ 10 ਮਈ 2020 ਦੇ ਪੰਜਾਬੀ ਟ੍ਰਿਬਿਊਨ ਵਿੱਚ ਛਪੇ ਸਰਕਾਰੀ ਮੈਡੀਕਲ ਕਾਲਜ਼ ਦੇ ਉਘੇ ਡਾ. ਸਿਆਮ ਸੁੰਦਰ ਦੀਪਤੀ ਮੁਤਾਬਕ 80 ਫੀਸਦੀ ਲੋਕਾਂ ਨੂੰ ਕਰੋਨਾ ਬਿਨਾਂ ਕਿਸੇ ਤਕਲੀਫ ਤੋਂ ਹੋ ਕੇ ਹਟ ਜਾਂਦਾ ਹੈ ਤੇ ਵਿਅਕਤੀ ਨੂੰ ਪਤਾ ਵੀ ਨਹੀਂ ਲਗਦਾ, 10 ਫੀਸਦੀ ਲੋਕਾਂ ਨੂੰ ਮਾੜੇ-ਮੋਟੇ ਲੱਛਣ ਹੁੰਦੇ ਹਨ ਜੋ ਥੋੜੀ-ਮੋਟੀ ਦਵਾਈ ਨਾਲ ਠੀਕ ਹੋ ਜਾਂਦੇ ਹਨ ਭਾਵ 94 ਫੀਸਦੀ ਲੋਕਾਂ ਨੂੰ ਇਹ ਤਕਲੀਫ ਹੀ ਨਹੀਂ ਕਰ ਰਿਹਾ। ਕਰੋਨਾ ਨਾਲ ਭਾਰਤ ਵਿੱਚ ਮੌਤ ਦਰ ਸਿਰਫ 3.1 ਪ੍ਰਤੀਸ਼ਤ ਸੀ (ਜੋ ਹੁਣ ਹੋਰ ਘਟ ਗਈ ਹੈ) ਉਹ ਵੀ 60-65 ਸਾਲ ਤੋਂ ਉਪਰ ਦੀ ਉਮਰ ਵਾਲੇ ਬਿਮਾਰ ਵਿਅਕਤੀ ਜਿਹੜੇ ਪਹਿਲਾਂ ਹੀ ਹਾਰਟ, ਸ਼ੂਗਰ, ਬਲੱਡ ਪ੍ਰੈਸ਼ਰ ਜਾਂ ਛਾਤੀ ਰੋਗਾਂ ਨਾਲ ਪੀੜਤ ਹਨ। ਇਹਨਾਂ ਵਿਚੋਂ ਵੀ ਜੇਕਰ ਕਿਸੇ ਵਿਅਕਤੀ ਦੀ (ਅਮਿਊਨ ਪਾਵਰ) ਮਜ਼ਬੂਤ ਹੈ, ਮੌਤ ਉਸਦੇ ਨੇੜੇ ਨਹੀਂ ਢੁਕਦੀ।

ਫਿਰ ਏਨਾ ਡਰ ਅਤੇ ਸਹਿਮ ਕਿਉਂ? ਏਨਾ ਤੌਖਲਾ, ਭਿਅੰਕਰ ਖੌਫ ਕਿਉਂ? ਕਿਉਂਕਿ ਮੀਡੀਏ ਅਤੇ ਜਾਗਰੂਕਤਾ ਦੇ ਪ੍ਰਚਾਰ ਢੰਗ ਨੇ ਵਾਰ-ਵਾਰ, ਹਰ ਮਿੰਟ, ਮਿੰਟ ਤੇ ਵਧਦੇ ਅੰਕੜੇ ਦਰਸਾ ਕੇ ਸਾਨੂੰ ਏਨਾ ਡਰਾ ਦਿੱਤਾ ਹੈ ਕਿ ਅਸੀਂ ਆਪਣੇ ਆਪ ਤੋਂ ਆਪਣੇ ਹੱਥਾਂ ਤੋਂ, ਘਰ ਆਏ ਮਹਿਮਾਨਾਂ ਦੇ ਸਪਰਸ਼ ਤੋਂ ਤ੍ਰਭਕ ਰਹੇ ਹਾਂ।

ਵਾਇਰਸ ਤੋਂ ਬਚਣ ਲਈ ਘਰ ਤੋਂ ਬਾਹਰ ਸੋਸ਼ਲ ਡਿਸਟੈਂਸ ਰੱਖੋ, ਬਾਹਰ ਇਕੱਠ ਵਿੱਚ ਜਾਂਦੇ ਵਕਤ ਮਾਸਕ ਪਾ ਕੇ ਰੱਖੋ, ਬਾਹਰੋਂ ਘਰ ਆਉਣ ਵੇਲੇ ਹੱਥ ਚਿਹਰੇ ਤੇ ਨਾ ਲਾਉ। ਇਹ ਭਾਵੇਂ ਸਾਡੇ ਲਈ ਅੱਜ ਨਵੀਆਂ ਹਦਾਇਤਾਂ ਜਾਪਦੀਆਂ ਹਨ ਪਰ ਅਸਲ ਵਿਚ ਵਿਸ਼ਵ ਸਿਹਤ ਸੰਸਥਾ ਦੀਆਂ ਇਹ ਹਦਾਇਤਾਂ ਸਾਡੀ ਸੰਸਕ੍ਰਿਤੀ ਦਾ ਹੀ ਇੱਕ ਹਿੱਸਾ ਹਨ। ਪੁਰਾਤਨ ਸਮੇਂ ਵਿੱਚ ਬਾਹਰੋਂ ਘਰ ਆਏ ਵਿਅਕਤੀ ਲਈ ਇਹ ਰਵਾਇਤਾਂ ਆਮ ਪ੍ਰਚਲੱਤ ਸਨ। ਘਰ ਵਿੱਚ ਨਵ ਜਨਮੇਂ ਬੱਚੇ ਸਮੇਂ ਬਾਹਰੋਂ ਘਰ ਆਏ ਵਿਅਕਤੀ ਲਈ ਅਜਿਹਾ ਵਰਤ ਵਰਤਾਵ ਮੈਂ ਆਪਣੀ ਅੱਖੀਂ ਵੇਖਿਆ ਹੈ। ਨਾਮਧਾਰੀਆਂ ਨੇ ਇਸ ਪੁਰਾਤਨ ਸੰਸਕ੍ਰਿਤੀ ਨੂੰ ਅੱਜ ਵੀ ਸੰਭਾਲਕੇ ਰੱਖਿਆ ਹੋਇਆ ਹੈ। ਨਾਮਧਾਰੀਆਂ ਦੀ ਸੋਧ ਮਰਯਾਦਾ ਦੀ ਪਵਿੱਤਰ ਅਵਸਥਾ ਦਾ ਦੁਨੀਆਂ ਵਿੱਚ ਕੋਈ ਸਾਨੀ ਨਹੀਂ। ਇਸ ਲਈ ਇਹ ਹਦਾਇਤਾਂ ਅਪਣਾਉਣੀਆਂ ਵਾਇਰਸ ਦੇ ਪ੍ਰਚਲਣ ਤੱਕ ਅਤੇ ਬਾਅਦ ਵਿਚ ਵੀ ਆਪਣੇ ਲਈ ਲਾਹੇਵੰਦ ਹੀ ਹਨ।

ਸੋ ਕਰੋਨਾ ਵਾਇਰਸ ਤੋਂ ਡਰਨ ਦੀ ਲੋੜ ਨਹੀਂ, ਸੁਚੇਤ ਹੋਣ ਦੀ ਲੋੜ ਹੈ। ਆਉ ! ਹੌਂਸਲੇ ਵਿਚ ਰਹੀਏ, ਆਸ਼ਾਵਾਦੀ ਬਣੀਏ, ਜਾਗਰੂਕ ਹੋਈਏ ਅਤੇ ਚੜ੍ਹਦੀ ਕਲਾ ਵਿੱਚ ਰਹੀਏ, ਹਮੇਸ਼ਾਂ ਯਾਦ ਰੱਖੀਏ।

ਮਨ ਕੇ ਹਾਰੇ ਹਾਰ ਹੈ,
ਮਨ ਕੇ ਜੀਤੇ ਜੀਤ।
ਅਤੇ
ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ।
ਦੇ ਉੱਚ ਆਦਰਸ਼ ਨੂੰ ਜੀਵਨ ਦਾ ਆਧਾਰ

---------------------------

# ਇੱਕ ਬੰਦਾ ਹੁੰਦਾ ਸੀ??

ਇਹ ਗੱਲ ਅੱਜ ਤੋਂ ਦੋ ਸੌ ਸਾਲ ਭਵਿੱਖ ਦੀ ਕਲਪਨਾ ਹੈ।

ਇੱਕ ਜੰਗਲ਼ ਦੇ ਸ਼ੇਰ ਦਾ ਪੋਤਾ ਆਪਣੇ ਦਾਦੇ ਨੂੰ ਕਹਿੰਦਾ ਕਿ ਤੁਸੀਂ ਮੈਨੂੰ ਬੰਦੇ ਵਾਲ਼ੀ ਕਹਾਣੀ ਸੁਣਾਉ। ਸ਼ੇਰ ਕਹਿੰਦਾ ਪੁੱਤ ਇਹ ਕਹਾਣੀ ਨਹੀ, ਕਿਸੇ ਸਮੇਂ ਇਸ ਧਰਤੀ ਤੇ " ਬੰਦਾ" ਨਾਂ ਦਾ ਜਾਨਵਰ ਵੀ ਹੁੰਦਾ ਸੀ ਜਿਵੇਂ ਆਪਾਂ ਜੰਗਲ ਵਿੱਚ ਸਾਰੇ ਜਾਨਵਰ ਰਹਿੰਦੇ ਆਂ। ਆਪਾਂ ਐਂ ਕਰਦੇ ਆਂ ਕਿ ਸਾਰੇ ਜਾਨਵਰ ਕੱਲ ਨੂੰ ਥਰੀਕਿਆਂ ਵਾਲੇ ਬਰੋਟੇ ਥੱਲੇ ਕੱਠੇ ਕਰ ਲੈਨੇ ਆਂ, ਉਹ ਵੀ ਸੁਣ ਲੈਣਗੇ।

ਅਗਲੇ ਦਿਨ ਜੰਗਲ ਦੇ ਰਾਜੇ ਸ਼ੇਰ ਦੇ ਹੁਕਮ ਤੇ ਸਾਰੇ ਜਾਨਵਰ ਆ ਗਏ। ਸ਼ੇਰ ਬਰੋਟੇ ਥੱਲੇ ਬਣੇ ਥੜੇ ਤੇ ਆਪਣੇ ਸਿੰਘਾਸਨ ਤੇ ਬੈਠ ਗਿਆ।

ਸ਼ੇਰ —ਬਈ ਆਉਣ ਵਾਲੇ ਸਾਰੇ ਜਾਨਵਰਾਂ ਦਾ ਸਵਾਗਤ ਹੈ ਤੇ ਮੈਂ ਤਹਾਨੂੰ ਇੱਕ ਜੀਵ "ਬੰਦੇ" ਬਾਰੇ ਦੱਸਣਾ ਚਾਹੁੰਨਾ ਹਾਂ ਜੋ ਕਿ ਮੈਂ ਆਪਣੇ ਦਾਦੇ - ਪੜਦਾਦੇ ਕੋਲੋਂ ਸੁਣਿਆਂ।

ਅੱਜ ਤੋਂ ਤਕਰੀਬਨ ਦੋ ਸੌ ਸਾਲ ਪਹਿਲਾਂ ਇਸ ਧਰਤੀ ਦਾ ਰਾਜਾ ਕੋਈ ਸ਼ੇਰ ਨਹੀਂ ਸੀ ਹੁੰਦਾ ਸਗੋਂ ਬੰਦਾ ਧਰਤੀ ਤੇ ਰਾਜ ਕਰਦਾ ਸੀ। ਉਸਨੇ ਸ਼ੇਰਾਂ ਨੂੰ ਪਿੰਜਰੇ ਵਿੱਚ ਬੰਦ ਕਰਕੇ ਕੈਦੀ ਬਣਾਇਆ ਹੋਇਆ ਸੀ।" ਸਾਰੇ ਜਾਨਵਰ ਹੈਰਾਨ ਹੋਏ " ਹੈਂਅ !!! ਸ਼ੇਰ ਤੋ ਵੀ ਤਾਕਤਵਰ ਸੀ ਬੰਦਾ।"

ਸ਼ੇਰ "ਹਾਂ, ਸਾਡੇ ਤੋਂ ਵੀ ਤਕੜਾ ਸੀ , ਦਿਮਾਗ ਸੀ ਉਸ ਕੋਲ, ਹਰ ਜਾਨਵਰ ਨੂੰ ਵਰਤਣ ਦਾ।ਪਹਿਲਾਂ ਪਹਿਲ ਉਸਨੇ ਊਠਾਂ , ਘੋੜਿਆਂ,ਹਾਥੀਆਂ ਦੀ ਸਵਾਰੀ ਕਰਨੀ ਸ਼ੁਰੂ ਕੀਤੀ।ਫਿਰ ਇਹਨਾਂ ਨੂੰ ਲੜਾਈਆਂ ਵਿੱਚ ਵਰਤਣਾ ਸ਼ੁਰੂ ਕੀਤਾ। ਬਲ਼ਦਾਂ, ਝੋਟਿਆਂ ਨੂੰ ਜੰਗਲ ਵਿਚੋਂ ਫੜ ਕੇ ਲੈ ਗਿਆ ਖੇਤੀ ਦਾ ਕੰਮ ਕਰਵਾਉਣ ਲਈ ਤੇ ਗਾਵਾਂ - ਮੱਝਾਂ ਦਾ ਦੁੱਧ ਪੀਣ ਲੱਗਿਆ।" ਸ਼ੇਰ ਦੀ ਗੱਲ ਸੁਣਕੇ ਮੱਥੇ ਭੂੱਲੀ ਝੋਟੀ ਨੇ ਸ਼ਰਮ ਜਿਹੀ ਮਹਿਸੂਸ ਕੀਤੀ।

ਸ਼ੇਰ— "ਫੇਰ ਇਸਨੇ ਹੋਰ ਤਰੱਕੀ ਕੀਤੀ, ਖੇਤੀ ਕਰਨ ਲਈ ਟਰੈਕਟਰ ਬਣਾ ਲਏ, ਕੰਬਾਈਨਾਂ ਬਣਾ ਲਈਆਂ-ਫਸਲਾਂ ਦਾ ਝਾੜ ਵੱਧ ਗਿਆ, ਇਹ ਰੱਜ ਕੇ ਰੋਟੀ ਖਾਣ ਜੋਗਾ ਹੋ ਗਿਆ। ਖਾਣੇ ਦੀ ਭਾਲ਼ ਲਈ ਇਸਨੇ ਇੱਧਰ-ਓਧਰ ਭਟਕਣਾ ਛੱਡਤਾ। ਆਹ ਥਰੀਕੇ, ਝਾਂਡੇ, ਲਲਤੋਂ, ਪਮਾਲ, ਸੁਨੇਤ -ਇੰਨਾ ਸਾਰੇ ਪਿੰਡਾਂ ਵਿੱਚ ਬੰਦੇ ਹੀ ਰਹਿੰਦੇ ਸੀ।" ਸਾਰੇ ਜਾਨਵਰ ਹੈਰਾਨ ਹੋਏ ਬੈਠੇ ਸੁਣ ਰਹੇ ਸੀ।

ਸ਼ੇਰ— "ਫਿਰ ਇਸ ਬੰਦੇ ਦੀ ਲਾਲਸਾ ਵੱਧਦੀ ਗਈ,ਫਸਲਾਂ ਦਾ ਹੋਰ ਝਾੜ ਲੈਣ ਲਈ ਕੈਮੀਕਲ ਖਾਦਾਂ, ਸਪਰੇਆਂ ਕਰਨ ਲੱਗ ਪਿਆ।ਆਪਣੇ ਖਾਣ ਵਾਲ਼ੇ ਕਣਕ,ਚੌਲ਼,ਦਾਲਾਂ,ਸਬਜੀਆਂ ਸਭ ਜਹਿਰੀਲੇ ਕਰ ਲਏ ਬਿਮਾਰੀਆਂ ਵੱਧਣ ਲੱਗੀਆਂ।"

ਨਾਲੇ ਕਹਿੰਦੇ ਬੰਦੇ ਦਾ ਦਿਮਾਗ ਬਹੁਤ ਸੀ ਤੇ ਆਪੇ ਹੀ ਆਪਣਾ ਭੋਜਨ ਜਹਿਰੀਲਾ ਕਰ ਲਿਆ- ਸੂਝਵਾਨ ਲੂੰਬੜ ਸੋਚ ਰਿਹਾ ਸੀ।

ਸ਼ੇਰ—ਇਸਨੇ ਆਉਣ ਜਾਣ ਲਈ ਸਾਈਕਲ ਤੋਂ ਲੈ ਕੇ ਜਹਾਜ ਤੱਕ ਬਣਾ ਲਏ।ਜਾਨਵਰਾਂ ਨੂੰ ਸਰਕਸ ਵਿੱਚ ਮੰਨੋਰੰਜਨ ਲਈ ਵਰਤਣ ਲੱਗ ਪਿਆ,ਤਹਾਨੂੰ ਪਤਾ ਭਾਂਵੇਂ ਮੈ ਜੰਗਲ ਦਾ ਰਾਜਾ ਹਾਂ ਹੁਣ, ਪਰ ਅੱਗ ਤੋਂ ਬਹੁਤ ਡਰਦਾ ਹਾਂ ਪਰ ਇਹ ਮੇਰੇ ਪੂਰਵਜਾਂ ਨੂੰ ਅੱਗ ਵਿਚੋਂ ਛਾਲ਼ ਮਾਰਨ ਲਈ ਮਜਬੂਰ ਕਰ ਦਿੰਦਾ ਸੀ।ਹਾਥੀ ਮੇਰਾ ਵੀਰ ਕਿੰਨਾ ਭਾਰਾ ਹੈ, ਇਸਨੂੰ ਦੋ ਪੈਰਾਂ ਤੇ ਤੁਰਨਾ ਪੈਂਦਾ ਸੀ, ਰਿੱਛ ਦੇ ਨੱਕ ਵਿੱਚ ਨਕੇਲ ਪਾਈ ਹੁੰਦੀ ਸੀ।"

ਕਾਟੋ— "ਕਿੰਨਾ ਭੈੜਾ ਸੀ ਬੰਦਾ।"ਕਾਟੋ ਤੋਂ ਰਿਹਾ ਨਾ ਗਿਆ।

ਸ਼ੇਰ— "ਫੇਰ ਇਸਨੇ ਦਰਿਆਵਾਂ ਦਾ ਪਾਣੀ ਵੀ ਗੰਦਾ ਕਰ ਲਿਆ।ਜਾਨਵਰਾਂ ਨੂੰ ਮਾਰ ਕੇ ਖਾਣ ਲੱਗ ਪਿਆ ਹਿਰਨ, ਮੁਰਗੇ, ਬੱਕਰੇ, ਮੱਛੀਆਂ, ਤਿੱਤਰ, ਬਟੇਰੇ, ਡੱਡੂ, ਸੱਪ, ਕਬੂਤਰ, ਕਾਂ, ਕੁੱਤੇ, ਬਿੱਲੀਆਂ ਆਦਿ।"

ਸਾਰੇ ਜਾਨਵਰ ਸਹਿਮੇ ਬੈਠੇ ਸੁਣ ਰਹੇ ਸੀ,ਬੰਦੇ ਦੀਆਂ ਕਰਤੂਤਾਂ।

ਸ਼ੇਰ—ਫੇਰ ਕੰਪਿਊਟਰ ਬਣਾ ਲਿਆ ਇਸਨੇ, ਮੋਬਾਈਲ ਫੋਨ ਤੇ ਚੰਦ ਦੇ ਉੱਪਰ ਵੀ ਜਾ ਚੜਿਆ ਬੰਦਾ।

ਹਿਰਨ— ਭਲਾ ਚੰਦ ਤੇ ਕਿਵੇਂ ਚੜਜੂ, ਹਜ਼ੂਰ ਮੈ ਨ੍ਹੀਂ ਮੰਨਦਾ ਐਡੀ ਛਾਲ ਨ੍ਹੀਂ ਮਾਰ ਸਕਦਾ ਬੰਦਾ।

ਘੋੜਾ— ਕਮਲਿਆਂ ਪੌੜੀ ਲਾ ਕੇ ਚੜਿਆ ਹੋਣਾ,ਗੱਲ ਸਮਝੀ ਦੀ ਹੁੰਦੀ ਆ।

ਸ਼ੇਰ — ਨਹੀਂ ਪੁੱਤਰੋ, ਪੌੜੀ ਕਾਹਨੂੰ ਉਹ ਤਾਂ ਹਵਾ ਵਿੱਚ ਉੱਡ ਕੇ ਜਾਂਦਾ ਸੀ। ਸਮੁੰਦਰਾਂ ਤੋਂ ਪਾਰ ਵੀ ਉੱਡ ਜਾਂਦਾ ਸੀ।

ਬਾਜ— ਹਜੂਰ, ਮੈਂ ਤਾਂ ਸੋਚਿਆ ਮੈਂ ਹੀ ਉੱਚਾ ਉੱਡਦਾਂ, ਮਤਲਬ ਬੰਦੇ ਦੇ ਖੰਭ ਮੇਰੇ ਖੰਭਾਂ ਤੋਂ ਵੀ ਮਜਬੂਤ ਸੀ।

ਸ਼ੇਰ— ਕਾਹਨੂੰ ਇਸ ਬੰਦੇ ਦੇ ਖੰਭ ਨਹੀਂ ਸੀ ਹੁੰਦੇ,ਇਹ ਤਾਂ ਦੋ ਪੈਰਾਂ ਤੇ ਤੁਰਨ ਵਾਲਾ ਜਾਨਵਰ ਸੀ।ਇਸਨੇ ਇੱਕ ਮਸ਼ੀਨ ਬਣਾਈ ਸੀ ਉਸਨੂੰ ਜਹਾਜ ਕਹਿੰਦੇ ਸੀ ਉਸ ਵਿੱਚ ਬੈਠ ਕੇ ਇਹ ਦੂਰ ਦੁਰਾਡੇ ਜਾਂਦਾ ਸੀ।

ਬਿੱਲੀ— ਫੇਰ ਮਹਾਰਾਜ ਐਨੇ ਬੁੱਧੀਮਾਨ ਬੰਦੇ ਦਾ ਅੰਤ ਕਿਵੇ ਹੋਇਆ?

ਸ਼ੇਰ—ਮਾਸੀ, ਇਸ ਬੰਦੇ ਨੇ ਜੰਗਲ ਵੱਡ ਦਿੱਤੇ, ਹਵਾ, ਪਾਣੀ, ਮਿੱਟੀ ਸਭ ਕੁਝ ਪਲੀਤ ਕਰ ਦਿੱਤਾ। ਆਪਣੇ ਸਵਾਰਥ ਲਈ।

ਬਲ਼ਦ —ਨਾ ਇਸਨੂੰ ਕਿਸੇ ਨੇ ਰੋਕਿਆ ਨ੍ਹੀਂ, ਸਭ ਕੁਝ ਗੰਧਲਾ ਕਰਨ ਤੋਂ??

ਸ਼ੇਰ— ਮੈਂ ਸੁਣਿਆਂ ਇੱਕ ਦਰਵੇਸ਼ ਪੁਰਸ਼ ਨੇ ਅਵਤਾਰ ਧਾਰਿਆ ਸੀ,ਇਸਨੂੰ ਸਮਝਾਉਣ ਲਈ-ਪਵਨ ਗੁਰੂ, ਪਾਣੀ ਪਿਤਾ——ਦੀ ਗੱਲ ਕੀਤੀ ਸੀ ਇੱਕ ਗ੍ਰੰਥ ਵਿੱਚ,ਪਰ ਬੰਦਾ ਉਸਨੂੰ ਪੜਦਾ ਵੀ ਰਿਹਾ ਪਰ ਉਸ ਤੇ ਅਮਲ ਨਾ ਕਰ ਸਕਿਆ। ਹੌਲੀ-ਹੌਲ਼ੀ ਕਈ ਤਰਾਂ ਦੀਆਂ ਬਿਮਾਰੀਆਂ ਨੇ ਇਸਨੂੰ ਘੇਰ ਲਿਆ।ਡਾਕਟਰ ਇੱਕ ਬਿਮਾਰੀ ਦਾ ਇਲਾਜ ਲੱਭਦੇ ਤਾਂ ਨਵੀਂ ਬਿਮਾਰੀ ਸ਼ੁਰੂ ਹੋ ਜਾਂਦੀ।ਆਹ ਜਿਹੜੇ ਬੁੱਡੇ ਦਰਿਆ ਦਾ ਪਾਣੀ ਆਪਾਂ ਸਾਰੇ ਪੀਨੇ ਆਂ, ਜਦੋਂ ਬੰਦਾ ਹੁੰਦਾ ਸੀ ਧਰਤੀ ਤੇ ਤਾਂ ਇਸ ਦਰਿਆ ਦਾ ਨਾਂ ਬੰਦੇ ਨੇ ਗੰਦਾ ਨਾਲ਼ਾ ਰੱਖਿਆ ਹੋਇਆ ਸੀ,ਇਸ ਕੋਲੋਂ ਲੰਘਣਾ ਵੀ ਮੁਸ਼ਕਿਲ ਸੀ।

ਉੱਲੂ— ਜਨਾਬ ਇਹ ਬੰਦਾ ਰਹਿੰਦਾ ਕਿਥੇ ਸੀ ?

ਸ਼ੇਰ— ਕਮਲਿਆ, ਆਹ ਜਿਹੜੇ ਮਕਾਨ ਖੰਡਰ ਬਣੇ ਪਏ ਨੇ , ਇਹ ਬੰਦੇ ਦੇ ਈ ਬਣਾਏ ਹੋਏ ਨੇ। ਜਿਥੇ ਤੂੰ ਨਜਾਰੇ ਲੈਨਾਂ ਹੈਂ। ”

ਸਾਰੇ ਜਾਨਵਰ ਹੱਸ ਪਏ।

ਕਾਂ—-ਮਹਾਰਾਜ ਇਹ ਬੰਦਾ ਸਮਾਜਿਕ ਤੌਰ ਤੇ ਕਿਵੇਂ ਰਹਿੰਦਾ ਸੀ ?

ਸ਼ੇਰ— ਹੌਲੀ-ਹੌਲੀ ਬੰਦੇ ਨੂੰ ਬੰਦਾ ਹੀ ਮਾਰਨ ਲੱਗ ਪਿਆ ਸੀ।ਅਮੀਰ ਤੇ ਗਰੀਬ ਦਾ ਪਾੜਾ ਵੱਧ ਗਿਆ ਸੀ। ਵੱਡੀਆਂ ਕੋਠੀਆਂ, ਮਹਿੰਗੀਆਂ ਕਾਰਾਂ, ਬਰੈਂਡਿਡ ਕੱਪੜੇ- ਸਭ ਸ਼ੋਸ਼ੇਬਾਜੀ ਹੋਗੀ ਸੀ।ਨਰ ਨਾਲ਼ ਨਰ ਤੇ ਮਾਦਾ ਨਾਲ਼ ਮਾਦਾ ਦਾ ਵਿਆਹ ਹੋਣ ਲੱਗਿਆ ਸੀ।ਉਸ ਜੁੱਗ ਨੂੰ ਕਲਜੁੱਗ ਕਹਿੰਦੇ ਸੀ।

ਰਿੱਛ— ਮੈ ਸੁਣਿਆਂ ਜੀ ਬੰਦਾ ਬਾਂਦਰ ਤੋਂ ਬਣਿਆ ਸੀ!!

ਬਾਂਦਰ — ਮੂੰਹ ਸੰਭਾਲ਼ ਕੇ ਗੱਲ ਕਰ ਉਏ, ਵੱਡਾ ਸਿਆਣਾ-ਅਸੀਂ ਤਾਂ ਮਾਹਰਾਜ ਇਹੋ ਜਿਹੇ ਕੁੱਤੇ “ਬੰਦੇ” ਦੀ ਮਕਾਣ ਨਾ ਜਾਈਏ।

ਕੁੱਤਾ—ਯਾਰ ਮੈਨੂੰ ਕਾਹਨੂੰ ਵਿੱਚ ਘਸੀਟੀ ਜਾਨੇ ਓਂ।

ਕੁੱਤੇ ਨੇ ਮੂੰਹ ਤਾਹਾਂ ਚੱਕਿਆ।

ਸਾਰੇ ਜਾਨਵਰ — ਫਿਰ ਤਾਂ ਬਾਂਦਰਾਂ ਨੂੰ ਖਤਮ ਕਰਨਾ ਪਊ , ਕਿਤੇ ਇੰਨ੍ਹਾਂ ਦੀਆਂ ਅੱਗੇ ਵਾਲੀਆਂ ਨਸਲਾਂ ਫੇਰ ਨਾ ਬੰਦੇ ਬਣ ਜਾਣ।

ਬਾਂਦਰੀ—-ਰਹਿਮ ਕਰੋ ਸਾਡੇ ਤੇ, ਸਾਨੂੰ ਬਾਬੇ ਵਧੂਤ ਦੀ ਸੌਂਹ ਲੱਗੇ ਜੀ, ਅਸੀਂ ਨੀ ਕਦੇ ਬੰਦੇ ਬਣਦੇ।

ਬਾਂਦਰੀ ਨੇ ਖੜੀ ਹੋ ਕੇ ਦੋਨੇ ਹੱਥ ਜੋੜੇ।

ਬਿੱਲੀ—ਮਹਾਰਾਜ , ਮੇਰਾ ਸਵਾਲ ਤਾਂ ਉਥੇ ਈ ਰਹਿ ਗਿਆ, ਬਈ ਬੰਦਾ ਖਤਮ ਕਿਵੇਂ ਹੋਇਆ? ਇਹ ਆਪਦੀ ਕਾਂਵਾਂ ਰੌਲ਼ੀ ਪਾ ਕੇ ਬਹਿ ਗਏ।

ਕਾਂ ਨੇ ਬਿੱਲੀ ਵੱਲ ਕੌੜਾ ਝਾਕਿਆ , ਪਰ ਉਹ ਚੁੱਪ ਰਿਹਾ।

ਗਧਾ— ਕੋਈ ਹੋਣੈ ਹਾਥੀ ਵਰਗਾ ਤਕੜਾ ਜਾਨਵਰ ਜੋ ਸਾਰੇ ਬੰਦਿਆਂ ਨੂੰ ਖਾ ਗਿਆ।

ਗਧੇ ਨੇ ਆਪਣੀ ਸਿਆਣਪ ਘੋਟੀ।

ਘੋੜਾ —ਰਿਹਾ ਨਾ ਗਧੇ ਦਾ ਗਧਾ।

ਸ਼ੇਰ— ਉਏ ਮਾਸੀ ਨੇ ਉੱਠ ਕੇ ਚਲੇ ਜਾਣੈਂ, ਜੇ ਇਸ ਵਾਰ ਮੈਂ ਉਸਦੀ ਗੱਲ ਦਾ ਜਵਾਬ ਨਾ ਦਿੱਤਾ। ਬੰਦੇ ਨੂੰ ਕਿਸੇ ਵੱਡੇ ਜਾਨਵਰ ਨੇ ਨਹੀਂ ਖਤਮ ਕੀਤਾ ਸੀ ਧਰਤੀ ਤੋਂ ਤੇ ਨਾ ਹੀ ਕੋਈ ਭੂਚਾਲ਼ ਆਇਆ ਜਿਵੇਂ ਡਾਇਨਾਸੋਰ ਮੁੱਕੇ ਸੀ। ਸਾਰੀ ਕਾਇਨਾਤ ਦੀ ਰੱਖਿਆ ਲਈ ਅਤੇ ਬੰਦੇ ਨੂੰ ਮਾਰਨ ਲਈ ਕੁਦਰਤ ਨੇ ਇੱਕ ਛੋਟਾ ਜਿਹਾ ਵਾਇਰਸ ਭੇਜਿਆ ਜਿਸਨੇ ਸਾਰੀ ਮਨੁੱਖ ਜਾਤੀ ਨੂੰ ਖਤਮ ਕਰ ਦਿੱਤਾ ਤੇ ਆਪਾਂ ਸਾਰੇ ਫਿਰ ਤੋਂ ਅਜ਼ਾਦ ਹੋ ਗਏ। ਨਾਲੇ ਹਵਾ, ਪਾਣੀ, ਮਿੱਟੀ ਫਿਰ ਤੋਂ ਸ਼ੁੱਧ ਹੋ ਗਏ।

ਸਾਰੇ ਜਾਨਵਰਾਂ ਦੇ ਚਿਹਰੇ ਤੇ ਘਰ ਨੂੰ ਜਾਣ ਲੱਗਿਆਂ ਖੁਸ਼ੀ ਸੀ ਜਿਵੇਂ ਉਹ ਹੁਣੇ ਬੰਦੇ ਨੂੰ ਖਤਮ ਕਰਕੇ ਆ ਰਹੇ ਹੋਣ।

ਰਾਤ ਨੂੰ ਸ਼ੇਰ ਦਾ ਪੋਤਾ ਸੌਣ ਲੱਗਿਆ, ਸ਼ੇਰ ਦੇ ਕੋਲ ਨੂੰ ਹੋ ਕੇ ਕਹਿੰਦਾ , ”ਦਾਦਾ ਜੀ ਮੈਨੂੰ ਬੰਦੇ ਦੀ ਕਹਾਣੀ ਫੇਰ ਨਾ ਕਦੇ ਸੁਣਾਇਉ, ਮੈਨੂੰ ਬੰਦੇ ਤੋਂ ਡਰ ਲੱਗਦਾ ਹੈ। ”

ਸ਼ੇਰ— ਪੁੱਤਰਾ ਡਰ ਨਾ ਹੁਣ ਨੀ ਬੰਦਾ ਦੁਬਾਰੇ ਧਰਤੀ ਤੇ ਆਂਉਦਾ, ਨਾਲ਼ੇ ਬਾਂਦਰਾਂ ਨੂੰ ਕੱਲ ਨੂੰ ਦੁਬਾਰੇ ਸਭਾ ਵਿੱਚ ਬੁਲਾਕੇ ਸਮਝਾ ਦੇਵਾਂਗੇ ਕਿ ਹੁਣ ਉਹ “ਬੰਦਾ” ਬਣਨ ਦੀ ਕੋਸ਼ਿਸ਼ ਨਾ ਕਰਨ। ਜੇ ਉਸਨੂੰ ਦੋ ਪੈਰਾਂ ਤੇ ਤੁਰਨ ਦੀ ਕੋਸ਼ਿਸ਼ ਕਰਦੇ ਨੂੰ ਦੇਖ ਲਿਆ ਤਾਂ ਸਖ਼ਤ ਤੋਂ ਸਖ਼ਤ ਸਜਾ ਦਿੱਤੀ ਜਾਵੇਗੀ।

---------------------------

# ਗੂੜ੍ਹੀ ਨੀਂਦੇ ਸੁੱਤੀਆਂ ਜ਼ਮੀਰਾਂ ਤੇ ਬੇਹਾਲ ਮਜ਼ਦੂਰ

ਜਸਵੰਤ ਸਿੰਘ 'ਮਸਤ'

ਸੜਕਾਂ ਅਤੇ ਰੇਲ ਪਟੜੀਆਂ ਤੇ ਲਗਾਤਾਰ ਦਿਲ ਨੂੰ ਛੂ ਜਾਣ ਵਾਲੇ ਭਿਆਨਕ ਦ੍ਰਿਸ਼ ਦੇਖ ਰਹੇ ਹਾਂ। ਕੁਝ ਲੋਕ ਪੈਰੀਂ ਛਾਲੇ ਪਿੱਠ ਤੇ ਮੋਢਿਆਂ ਪਿੱਛੇ ਸਮਾਨ ਪਾਇਆ, ਸਿਰ ਤੇ ਗੱਠੜੀਆਂ ਬੰਨ੍ਹੀਆਂ ਤੇ ਗੋਦੀ ਵਿਚ ਬੱਚੇ ਚੁੱਕੀ ਤੁਰੇ ਜਾ ਰਹੇ ਨੇ। ਕੋਈ ਰੇਲਵੇ ਸਟੇਸ਼ਨ ਜਾਂ ਸੜਕ ਤੇ ਮਰਿਆ ਪਿਆ ਹੈ। ਕਿਤੇ ਕੋਈ ਬਿਮਾਰ ਹੈ। ਕਿਤੇ ਭੁੱਖ ਨਾਲ ਰੋਟੀ ਲਈ ਕੁਰਲਾਉਂਦਾ ਪਿਆ ਹੈ। ਕੋਈ ਗਰਭਵਤੀ, ਕੋਈ ਬੱਚਾ, ਤਾਂ ਕੋਈ ਬੁੱਢਾ, ਇਨ੍ਹਾਂ ਵਿਚ ਹਰ ਤਰ੍ਹਾਂ ਦੇ ਇਨਸਾਨ ਨੇ। ਕੋਈ ਬੱਚੀ ਆਪਣੇ ਪਿਉ ਨੂੰ ਸਾਈਕਲ ਤੇ ਬਿਠਾ ਕੇ ਲਿਜਾ ਰਹੀ ਹੈ। ਕਿਸੇ ਨੇ ਇਕ ਰਿਕਸ਼ੇ ਵਿਚ ਪੂਰਾ ਪੂਰਾ ਪਰਿਵਾਰ ਬੈਠਾਇਆ ਤੇ ਇੱਕਲਾ ਆਦਮੀ ਖਿੱਚੀ ਜਾ ਰਿਹਾ ਹੈ ਤੇ ਜਿਹੜਾ ਇਨ੍ਹਾਂ ਨਾਲ ਨਹੀਂ ਤੁਰ੍ਹਿਆ,ਜਿਸਦਾ ਸਬਰ ਦਾ ਬੰਨ੍ਹ ਅਜੇ ਨਹੀਂ ਟੁੱਟਾ ਉਹ ਆਪਣੇ ਘਰ ਭੁੱਖ ਨਾਲ ਮਰ ਰਿਹਾ ਹੈ। ਇਹ ਕੋਈ ਦੇਸ਼ ਵੰਡ, ਭੁਚਾਲ ਨਾਲ ਹੋਈ ਤਬਾਹੀ, ਉਜਾੜੇ ਜਾਂ ਮੀਂਹ ਨਾ ਪੈਣ ਕਰਕੇ ਪਏ ਕਾਲ ਜਾਂ ਕਿਸੇ ਇੱਕ ਇਲਾਕੇ ਵਿਚ ਪਈ ਮਹਾਂਮਾਰੀ ਤੋਂ ਬਾਅਦ ਜਾਂ ਉਸ ਸਮੇਂ ਵਾਪਰੀਆਂ ਘਟਨਾਵਾਂ ਦੇ ਦ੍ਰਿਸ਼ ਨਹੀਂ। ਇਹ ਕਿਸੇ ਪੁਰਾਤਨ ਕਾਲ, ਕਿਸੇ ਹੋਰ ਯੁਗ ਜਾਂ ਕਿਸੇ ਹੋਰ ਦੇਸ਼ ਦੀ ਵੀ ਗੱਲ ਨਹੀਂ। ਨਾ ਹੀ ਮੈਂ ਤੁਹਾਨੂੰ ਕੋਈ ਫਿਲਮੀ ਕਹਾਣੀ ਸੁਣਾ ਰਿਹਾ ਹਾਂ। ਫਿਰ ਤੁਸੀਂ ਸੋਚਦੇ ਹੋਵੋਗੇ ਕਿ ਕੌਣ ਨੇ ਇਹ, ਜੋ 40-45 ਡਿਗਰੀ ਤਾਪਮਾਨ ਵਿਚ ਵੀ ਭੁੱਖਣ ਭਾਣੇ ਸੜਕਾਂ ਤੇ 1000, 1500, ਅਤੇ 1700 ਕਿ. ਮੀ. ਤੱਕ ਤੁਰੇ ਜਾ ਰਹੇ ਨੇ? ਕੌਣ ਨੇ ਜੋ ਸੱਤਾ ਦਾ ਸੁੱਖ ਭੋਗ ਰਹੇ ਅਫ਼ਸਰਾਂ ਅਤੇ ਸਰਕਾਰ ਤੋਂ ਜ਼ਿੰਦਗੀ ਜਾਂ ਮੌਤ ਦੀ ਭੀਖ ਮੰਗ ਰਹੇ ਨੇ? ਪਰ ਪ੍ਰਸਾਸ਼ਨ ਉਨ੍ਹਾਂ ਨੂੰ ਜ਼ਿੰਦਗੀ ਤੇ ਮੌਤ ਦੇ ਵਿਚਾਲੇ ਤੜਫ-ਤੜਫ ਕੇ ਜਿਉਣ ਲਈ ਛੱਡ ਰਿਹਾ ਹੈ। ਸਿਰਫ਼ ਪ੍ਰਸ਼ਾਸਨ ਹੀ ਨਹੀਂ ਬਹੁਗਿਣਤੀ ਧਾਰਮਿਕ, ਸਮਾਜਿਕ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਆਗੂ ਬਣ ਬੈਠੇ ਲੋਕ ਵੀ ਪ੍ਰਸ਼ਾਸਨ ਨਾਲ ਹੀ ਰਲੇ ਹੋਏ ਨੇ। ਮੈਂ ਜਿਨ੍ਹਾਂ ਦੀ ਗੱਲ ਕਰ ਰਿਹਾਂ ਇਹ ਕੋਈ ਪਤਾਲ ਦੇ ਵਾਸੀ ਵੀ ਨਹੀਂ। ਸਾਡੇ ਹੀ ਦੇਸ਼ ਵਾਸੀ, ਸਾਡੀਆਂ ਫੈਕਟਰੀਆਂ, ਖੇਤ, ਦੁਕਾਨਾਂ, ਹਸਪਤਾਲਾਂ, ਸ਼ਾਪਿੰਗ ਮਾਲ, 5 ਸਟਾਰ, 7 ਸਟਾਰ ਹੋਟਲਾਂ ਆਦਿ ਵਿੱਚ ਕੰਮ ਕਰਨ ਵਾਲੇ ਸਾਡੇ ਹੀ ਮਜ਼ਦੂਰ ਭਰਾ ਹਨ। ਉਪਰੋਕਤ ਸਥਾਨਾਂ ਵਿੱਚ ਇਨ੍ਹਾਂ ਦੇ ਕੰਮ ਕਰਨ ਦੇ ਇਸ਼ਾਰੇ ਤੋਂ ਅਸੀਂ ਹਿਸਾਬ ਲਾ ਸਕਦੇ ਹਾਂ ਕਿ ਸਾਡੀ ਜਿੰਦਗੀ, ਦੇਸ਼, ਆਰਥਿਕਤਾ ਦਾ ਇਹ ਕਿੰਨਾ ਅਹਿਮ ਹਿੱਸਾ ਹਨ। ਹੁਣ ਸਵਾਲ ਉੱਠੇਗਾ ਕਿ ਜੇ ਇਹ ਦੇਸ਼ ਦਾ ਇੰਨਾਂ ਮਹੱਤਵਪੂਰਨ ਭਾਗ ਹਨ ਤਾਂ ਇਨ੍ਹਾਂ ਦੀ ਇਹ ਹਾਲਤ ਕਿਉਂ?

ਬਹੁਤ ਸਾਰੇ ਲੋਕ ਕਹਿੰਦੇ ਨੇ ਕਿ ਇਹ ਕਰੋਨਾ ਮਹਾਂਮਾਰੀ ਦਾ ਨਤੀਜਾ ਹੈ, ਕੋਈ ਕਹਿੰਦਾ ਹੈ ਕਿ ਜਦ ਇਨ੍ਹਾਂ ਨੂੰ ਸਰਕਾਰ ਜਾਂ ਸਮਾਜ ਸੇਵੀ ਸੰਗਠਨ ਖਾਣ-ਪੀਣ ਨੂੰ ਦੇ ਰਹੇ ਨੇ ਤਾਂ ਇਹ ਪ੍ਰਵਾਸੀ ਮਜ਼ਦੂਰ ਕਿਉਂ ਆਪਣੇ ਘਰਾਂ ਨੂੰ ਜਾ ਰਹੇ ਨੇ? ਕਿਉਂ ਰੋ-ਪਿੱਟ ਰਹੇ ਨੇ? ਅਰਥਾਤ 'ਜਿੰਨੇ ਮੂੰਹ ਓਨੀਆਂ ਗੱਲਾਂ।' ਅਸਲ ਵਿੱਚ ਅਸਲੀ ਕਾਰਨ ਤੇ ਤਾਂ ਅਸੀਂ ਪੜਦਾ ਪਾ ਕੇ ਰੱਖਣਾ ਚਾਹੁੰਦੇ ਹਾਂ। ਅਸਲੀ ਕਾਰਨ ਦੀ ਗੱਲ ਕਰਨ ਤੋਂ ਪਹਿਲਾਂ ਮੈਂ ਉਪਰੋਕਤ ਦੋਹਾਂ ਸ਼ੰਕਿਆਂ ਦੀ ਨਿਵਰਤੀ ਕਰ ਦੇਣੀ ਚਾਹੁੰਦਾ ਹਾਂ। ਪਹਿਲੀ ਗੱਲ ਆਖੀ ਜਾ ਰਹੀ ਹੈ ਕਿ ਇਹ ਕਰੋਨਾ ਕਾਰਨ ਹੋਇਆ ਹੈ। ਕਰੋਨਾ ਤਾਂ ਲਗਭਗ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਹੀ ਆਇਆ ਹੈ ਤਾਂ ਸਾਡੇ ਦੇਸ਼ ਵਿਚ ਇਹ ਹਾਲ ਕਿਉਂ? ਸਾਡੇ ਦੇਸ਼ ਦਾ ਮੁੱਖ ਵਾਹ-ਵਾਸਤਾ ਜਿਨ੍ਹਾਂ ਦੇਸ਼ਾਂ ਨਾਲ ਹੈ ਜਿਵੇਂ ਕਿ ਕਨੇਡਾ, ਅਮਰੀਕਾ, ਚੀਨ ਵਿਚ ਅਜਿਹਾ ਕਿਉਂ ਨਹੀਂ ਹੋਇਆ? ਸੋ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਕਾਰਨ ਕੋਈ ਹੋਰ ਹੈ।

ਦੂਸਰੀ ਗੱਲ ਹੈ ਕਿ ਮਜ਼ਦੂਰ ਜਿਸ-ਜਿਸ ਰਾਜ ਵਿਚ ਬੈਠੇ ਨੇ, ਉੱਥੇ ਹੀ ਬੈਠੇ ਰਹਿਣ, ਕਿਉਂ ਆਪਣੇ ਘਰਾਂ ਨੂੰ ਤੁਰੇ ਜਾ ਰਹੇ ਨੇ। ਜਦ ਸਰਕਾਰਾਂ ਸਭ ਕੁਝ ਕਰ ਰਹੀਆਂ ਨੇ। ਅਸੀਂ ਭਲੀ ਭਾਂਤ ਜਾਣਦੇ ਹਾਂ ਕਿ ਸਾਡੇ ਦੇਸ਼ ਵਿੱਚ ਮੀਡੀਆ ਵਿਚ ਪ੍ਰਚਾਰੇ ਜਾ ਰਹੇ ਸਰਕਾਰੀ ਦਾਅਵੇ-ਵਾਅਦੇ ਤੇ ਅੰਕੜਿਆਂ ਅਤੇ ਜ਼ਮੀਨੀ ਹਕੀਕਤਾਂ ਵਿੱਚ ਦਿਨ ਰਾਤ ਦਾ ਫਰਕ ਹੁੰਦਾ ਹੈ। ਸਰਕਾਰੀ ਰਾਸ਼ਨ ਜਾਂ ਸੁਵਿਧਾਵਾਂ ਪ੍ਰਧਾਨ ਮੰਤਰੀ ਜਾਂ ਕਿਸੇ ਹੋਰ ਮੰਤਰੀ ਦੇ

ਪ੍ਰਤੀਸ਼ਤ ਹੀ ਪਹੁੰਚਦਾ ਹੈ। ਇਹੀ ਕੁਝ ਸਾਡੇ ਸਾਰੇ ਦੇਸ਼ ਵਿੱਚ ਇਨ੍ਹਾਂ ਮਜ਼ਦੂਰਾਂ ਨਾਲ ਹੋ ਰਿਹਾ ਹੈ। ਤੁਸੀਂ ਸੋਚਦੇ ਹੋਵੋਗੇ 20 ਲੱਖ ਕਰੋੜ ਦਾ ਰਾਹਤ ਪੈਕੇਜ, ਲਿਸ਼ਕਦੀਆਂ-ਪੁਸ਼ਕਦੀਆਂ ਤੇ ਸ਼ੂਕਦੀਆਂ ਬੱਸਾਂ, ਸੁਪਰ ਫਾਸਟ ਬੁਲਟ ਪਰੂਫ ਰੇਲਗੱਡੀਆਂ ਤੇ ਹਵਾਈ ਜਹਾਜਾਂ ਦੇ ਯੁੱਗ ਵਿੱਚ ਇਹ ਕਿਵੇਂ ਹੋ ਸਕਦਾ ਹੈ, ਪਰ ਇਹ ਸਭ ਸਾਡੇ ਭਾਰਤ ਦੇਸ਼ ਮਹਾਨ ਵਿੱਚ ਸੰਭਵ ਹੈ।

ਵੈਸੇ ਵੀ ਸਾਡੇ ਰਾਸ਼ਨ ਕਾਰਡਾਂ 'ਤੇ ਰਾਸ਼ਨ ਦਿੱਤਾ ਜਾ ਰਿਹਾ ਹੈ ਪਰ ਸਮੱਸਿਆ ਇਹ ਕਿ ਇੱਕ ਸਟੇਟ ਦਾ ਰਾਸ਼ਨ ਕਾਰਡ ਦੂਜੀ ਸਟੇਟ ਵਿੱਚ ਨਹੀਂ ਚੱਲਦਾ। ਫਿਰ ਵੀ ਥੋੜੇ ਬਹੁਤ ਯਤਨ ਕੀਤੇ ਵੀ ਜਾ ਰਹੇ ਨੇ ਕਿ ਪਰਵਾਸੀ ਮਜ਼ਦੂਰਾਂ ਤਕ ਰਾਸ਼ਨ ਪਹੁੰਚਦਾ ਰਹੇ। ਪਰ ਗੱਲ ਇਹ ਵੀ ਆਖੀ ਜਾ ਸਕਦੀ ਹੈ ਕਿ ਮੰਨ ਲਿਆ, ਬਾਕੀ ਰਾਜਾਂ ਵਿੱਚ ਤਾਂ ਰਾਸ਼ਨ ਦੀ ਸਮੱਸਿਆ ਹੋ ਸਕਦੀ ਹੈ ਪਰ ਪੰਜਾਬ ਵਿੱਚ ਜਿੱਥੇ ਪੰਜਾਬੀਆਂ ਨੇ ਥਾਂ-ਥਾਂ ਲੰਗਰ ਲਾਏ, ਰਾਸ਼ਨ ਖੁੱਲ੍ਹੇ ਦਿਲ ਨਾਲ ਵੰਡਿਆ, ਇਥੋਂ ਜਾਣ ਦੀ ਕੀ ਸਮੱਸਿਆ? ਪੰਜਾਬੀਆਂ ਨੇ ਸਿਰਫ਼ ਪੰਜਾਬ ਹੀ ਨਹੀਂ ਪੰਜਾਬ ਅਤੇ ਭਾਰਤ ਤੋਂ ਬਾਹਰ ਵੀ ਥਾਂ-ਥਾਂ ਲੰਗਰ ਲਾਕੇ ਅਤੇ ਲੋੜਵੰਦਾਂ ਦੀ ਸਹਾਇਤਾ ਕਰਕੇ ਇੱਕ ਮਿਸਾਲ ਕਾਇਮ ਕਰ ਦਿੱਤੀ ਹੈ। ਖ਼ੈਰ ਸਮਾਜਿਕ ਸੰਸਥਾਵਾਂ ਹਰ ਵਿਅਕਤੀ ਤਕ ਨਹੀਂ ਪੁੱਜ ਸਕਦੀਆਂ। ਕਰੋਨਾ ਕਾਲ ਵਿਚ ਹਰ ਬੰਦਾ ਘਰੋਂ ਬਾਹਰ ਨਹੀਂ ਆ ਸਕਦਾ। ਸਰਕਾਰੀ ਅਧਿਕਾਰੀ ਹੱਥਾਂ ਤੇ ਹੱਥ ਰੱਖਕੇ ਬੈਠੇ ਨੇ। ਇਸ ਲਈ ਕੋਈ ਨਾ ਕੋਈ ਤਾਂ ਪੰਜਾਬ ਵਿਚ ਵੀ ਭੁੱਖਾ ਰਹਿੰਦਾ ਹੋ ਸਕਦਾ ਹੈ।

ਸਿਰਫ਼ ਭੁੱਖ ਦੀ ਵੀ ਗੱਲ ਨਹੀਂ ਮਕਾਨ ਮਾਲਕ ਵੀ ਘਰੋਂ ਬਾਹਰ ਕੱਢ ਰਹੇ ਨੇ ਕਿ ਕਿਰਾਇਆ ਦਿਉ। ਸਰਕਾਰ ਨੇ, ਨਾ ਤਾਂ ਮਾਲਕਾਂ ਨੂੰ ਕਿਰਾਏ ਦਿੱਤੇ ਨਾ ਆਦੇਸ਼ ਦਿੱਤਾ ਕਿ ਤੁਸੀਂ ਕਿਰਾਏਦਾਰਾਂ ਨੂੰ ਇਸ ਸਮੇਂ ਘਰੋਂ ਨਹੀਂ ਕੱਢ ਸਕਦੇ। ਇਸ ਲਈ ਇੱਕਾ-ਦੁੱਕਾ ਨੂੰ ਛੱਡ ਕੇ, ਸਾਰੇ ਮਕਾਨ ਮਾਲਿਕਾਂ ਕਿਰਾਏਦਾਰਾਂ ਨੂੰ ਕੱਢਿਆ। ਰਾਸ਼ਨ ਤੋਂ ਬਾਅਦ ਮਜ਼ਦੂਰਾਂ ਨੂੰ ਥੋੜ੍ਹੀ ਬਹੁਤ ਦਵਾਈ, ਬੂਟੀ, ਫੋਨ ਰਿਚਾਰਜ ਜਾਂ ਹੋਰ ਨਿੱਕੀਆਂ ਮੋਟੀਆਂ ਲੋੜਾਂ ਲਈ ਵੀ ਪੈਸੇ ਦੀ ਜ਼ਰੂਰਤ ਹੈ। ਤੁਹਾਡੇ ਆਲੇ ਦੁਆਲੇ ਅਜਿਹੇ ਕਿੰਨੇ ਲੋਕ ਨੇ ਜੋ ਆਪਣੇ ਨਾਨਕੇ, ਸਹੁਰੇ, ਪੇਕੇ ਆਦਿਕ ਖਾਸ-ਖਾਸ ਰਿਸ਼ਤੇਦਾਰੀਆਂ ਵਿਚੋਂ ਵੀ ਐਮਰਜੈਂਸੀ ਪਾਸ ਬਣਵਾਕੇ ਵਾਪਸ ਆਪਣੇ ਘਰ ਆਏ, ਹੁਣ ਜਦ ਕੰਮ ਬੰਦ ਨੇ, ਭੁੱਖਮਰੀ ਪਈ ਹੈ, ਤਾਂ ਮਜ਼ਦੂਰਾਂ ਦਾ ਘਰ ਜਾਣ ਨੂੰ ਜੀਅ ਕਿਉਂ ਨਹੀਂ ਕਰ ਸਕਦਾ? ਇਨ੍ਹਾਂ ਕੋਲ ਵੀ ਆਪਣੇ ਘਰ ਜਾਣ ਦਾ ਹੱਕ ਹੈ। ਬੇਸ਼ੱਕ ਸਾਨੂੰ ਘਰਾਂ ਵਿਚ ਬੈਠਿਆਂ ਨੂੰ ਇਹ ਗੱਲ ਸੱਚੀ ਨਾ ਲੱਗਦੀ ਹੋਵੇ ਪਰ ਸੱਚ ਇਹੋ ਹੈ। ਮਾਲੀ ਨੁਕਸਾਨ ਤਾਂ ਹਰ ਵਰਗ ਦਾ ਹੋਇਆ ਤੇ ਮਜ਼ਦੂਰਾਂ ਦਾ ਮਾਲੀ ਤੇ ਜਾਨੀ ਦੋਵੇਂ ਨੁਕਸਾਨ ਹੋਏ ਨੇ। ਮਜ਼ਦੂਰਾਂ ਦੀ ਇਸ ਤਰਸਯੋਗ ਹਾਲਤ ਤੇ ਘਰੋਂ ਨਿਕਲਣ ਲਈ ਮਜਬੂਰੀ ਨਾਲ ਸਬੰਧਿਤ ਕੁਝ ਪ੍ਰਮੁੱਖ ਘਟਨਾਵਾਂ ਦਾ ਜ਼ਿਕਰ ਕਰਦਾ ਹਾਂ।

ਗ੍ਰੇਟਰ ਨੋਇਡਾ ਐਕਸਪਰੈਸ ਵੇ 'ਤੇ ਤੁਰੇ ਜਾਂਦੇ ਕੁਝ ਮਜ਼ਦੂਰਾਂ ਨੂੰ ਇੱਕ ਪੱਤਰਕਾਰ ਪੁੱਛਦਾ ਹੈ ਕਿ ਰਸਤੇ ਵਿਚ ਮਜ਼ਦੂਰ ਭੁੱਖ ਨਾਲ ਜਾਂ ਟਰੱਕ ਆਦਿ ਦੇ ਉੱਪਰ ਚੜ੍ਹਨ ਨਾਲ ਮਰ ਰਹੇ ਨੇ ਤੁਹਾਨੂੰ ਡਰ ਨਹੀਂ ਲਗਦਾ? ਤਾਂ ਭੁੱਖ ਤੋਂ ਅੱਕਿਆ ਇੱਕ ਮਜ਼ਦੂਰ ਬੋਲਿਆ :-

"ਭੂਖ ਮਰਨੇ ਸੇ ਤੋ ਬੇਹਤਰ ਹੈ ਕਿ ਰੋਡ ਪੇ ਚਲਤੇ-ਚਲਤੇ ਮਰ ਜਾਏਂ।"

ਇਸੇ ਤਰ੍ਹਾਂ NH – 24 ਤੇ ਪੰਜਾਬ ਕੇਸਰੀ ਦਾ ਇੱਕ ਪੱਤਰਕਾਰ ਕਿਸੇ ਅੱਕੇ-ਥੱਕੇ ਮਜ਼ਦੂਰ ਨੂੰ ਪੁੱਛਦਾ ਹੈ ਕਿ ਉਹ ਘਰ ਕਿਉਂ ਜਾ ਰਹੇ ਨੇ ਤਾਂ ਮਜ਼ਦੂਰ ਦਾ ਜਵਾਬ ਸੀ—

"ਘਰ ਜਾਕਰ ਮਰੇ, ਤੋ ਅਰਥੀ ਕੋ ਕੰਧਾ ਦੇਨੇ ਕੇ ਲੀਏ, ਅਪਨੇ ਤੋ ਹੋਂਗੇ।"

ਹੁਣ ਅਸੀਂ ਸਮਝ ਸਕਦੇ ਹਾਂ ਕਿ ਹਰ ਇੱਕ ਨੂੰ ਆਪਣਾ ਪਰਿਵਾਰ ਤੇ ਘਰ( ਬੇਸ਼ੱਕ ਝੁੱਗੀ ਹੀ ਕਿਉਂ ਨਾ ਹੋਵੇ) ਚੰਗਾ ਲਗਦਾ ਹੈ। ਅਕਸ਼ੈ ਕੁਮਾਰ ਆਪਣੀ ਭੈਣ ਨੂੰ, ਇੱਕਲੀ ਨੂੰ ਜਹਾਜ ਕਿਰਾਏ ਤੇ ਕਰਕੇ ਦਿੰਦਾ ਹੈ। ਇਸੇ ਤਰ੍ਹਾਂ ਇਕ ਸ਼ਰਾਬ ਕਾਰੋਬਾਰੀ ਆਪਣੇ ਪਰਿਵਾਰ ਲਈ ਜਹਾਜ ਕਿਰਾਏ ਤੇ ਕਰਦਾ ਹੈ। ਜਦ ਅਮੀਰ ਲੋਕਾਂ ਦਾ ਪਰਿਵਾਰ ਵਿਚ ਜਾਣ ਨੂੰ ਜੀਅ ਕਰਦਾ ਹੈ ਤਾਂ ਗਰੀਬਾਂ ਦਾ ਵੀ ਕਰਦਾ ਹੈ। ਕੋਈ ਵੀ ਘਰ ਪਰਿਵਾਰ ਤੋਂ ਅਜਿਹੇ ਸਮੇਂ ਵਿੱਚ ਜਦੋਂ ਹਰ ਪਾਸੇ ਕਰੋਨਾ ਨੂੰ ਮੌਤ ਦਾ ਰੂਪ ਬਣਾ ਕੇ ਡਰਾਇਆ ਜਾ ਰਿਹਾ ਹੋਵੇ, ਦੂਰ ਰਹਿਣਾ ਪਸੰਦ ਨਹੀਂ ਕਰਦਾ। ਇਸ ਲਈ ਮਜ਼ਦੂਰ ਵੀ ਦੂਸਰੇ ਲੋਕਾਂ ਵਰਗੇ ਹੀ ਹਨ।

ਲਾਪ੍ਰਵਾਹ, ਗੈਰ ਜ਼ਿੰਮੇਦਾਰ, ਅਤੇ ਬੇਪ੍ਰਵਾਹ ਸ਼ਬਦ ਤਾਂ ਤੁਸੀਂ ਸੁਣੇ ਹੀ ਹੋਣਗੇ। ਇਨ੍ਹਾਂ ਸ਼ਬਦਾਂ ਨੂੰ ਸਾਡੇ ਬਹੁ ਗਿਣਤੀ ਲੀਡਰ ਤੇ ਅਫ਼ਸਰ ਚੰਗੀ ਤਰ੍ਹਾਂ ਅਪਣਾ

ਚੁੱਕੇ ਹਨ। ਇਸ ਲਈ ਮਜ਼ਦੂਰ ਦੀ ਦੁਰਦਸ਼ਾ ਦਾ ਅਸਲੀ ਕਾਰਨ ਨਾ ਤਾਂ ਕਰੋਨਾ ਹੈ ਤੇ ਨਾ ਹੀ ਉਨ੍ਹਾਂ ਦੀ ਘਰ ਜਾਣ ਦੀ ਤਾਂਘ, ਸਗੋਂ ਇਹ ਲਾਪ੍ਰਵਾਹ ਆਗੂ ਹਨ ਜੋ ਉੱਚੇ ਅਹੁਦਿਆਂ 'ਤੇ ਬੈਠੇ ਹਨ। ਲਾਪ੍ਰਵਾਹੀ ਤਾਂ ਸਾਡੇ ਸਿਸਟਮ ਦੀ ਇਸ ਹੱਦ ਤੱਕ ਪੁੱਜ ਚੁੱਕੀ ਹੈ ਕਿ ਅੰਮ੍ਰਿਤਸਰ ਤੋਂ ਲਖੀਮਪੁਰ ਯੂ.ਪੀ. ਤੱਕ ਦੇ ਸਾਰੇ ਰੋਡ ਤੇ 24 ਘੰਟੇ ਮਜ਼ਦੂਰਾਂ ਦੀ ਲਾਈਨ ਨਹੀਂ ਟੁੱਟਦੀ। ਪਰ ਰਸਤੇ ਵਿੱਚ ਕਿਸੇ ਇੱਕ ਥਾਂ 'ਤੇ ਵੀ ਸਰਕਾਰੀ ਕਰਮਚਾਰੀਆਂ ਨੇ ਲੰਗਰ ਜਾਂ ਕਿਸੇ ਹੋਰ ਲੋੜਵੰਦ ਵਸਤ ਇਥੋਂ ਤੱਕ ਕਿ ਪਾਣੀ ਦਾ ਵੀ ਪ੍ਰਬੰਧ ਨਹੀਂ ਕੀਤਾ ਹੋਇਆ। ਕਿਤੇ-ਕਿਤੇ ਧਾਰਮਿਕ, ਸਮਾਜਿਕ ਸੰਗਠਨ ਜਾਂ ਮਾਨਵਤਾ ਦਾ ਪਿਆਰਾ ਕੋਈ ਵਿਅਕਤੀ ਖਾਣ ਪੀਣ ਨੂੰ ਥੋੜ੍ਹਾ ਬਹੁਤ ਸਮਾਨ ਵੰਡ ਜਾਂਦਾ ਹੈ। ਅਜਿਹੇ ਹੋਰ ਵੀ ਸੈਂਕੜੇ ਰੋਡ ਹਨ। ਸਿਸਟਮ ਦੀ ਬੇਪ੍ਰਵਾਹੀ ਤਾਂ ਦੇਖੋ—

ਜੋਤੀ ਨਾਂ ਦੀ 15 ਸਾਲ ਦੀ ਇੱਕ ਕੁੜੀ ਆਪਣੇ ਬਿਮਾਰ ਪਿਉ ਨੂੰ ਸਾਈਕਲ ਤੇ ਬਿਠਾ ਕੇ ਗੁੜਗਾਉਂ ਤੋਂ ਚੱਲੀ ਤੇ 1200 ਕਿ.ਮੀ. ਦਾ ਸਫ਼ਰ ਤਹਿ ਕਰਦੀ ਹੋਈ 7 ਦਿਨਾਂ ਵਿੱਚ ਦਰਭੰਗਾ(ਬਿਹਾਰ) ਪੁੱਜੀ। ਇਸ ਦੌਰਾਨ ਇਨ੍ਹਾਂ ਨੂੰ 2 ਦਿਨ ਭੁੱਖੇ ਵੀ ਰਹਿਣਾ ਪਿਆ। ਪਰ ਪ੍ਰਸ਼ਾਸ਼ਨ ਨੇ ਰਸਤੇ ਵਿਚ ਕਿਤੇ ਕੋਈ ਵੀ ਮਦਦ ਨਾ ਕੀਤੀ।

ਇਸੇ ਤਰ੍ਹਾਂ ਮਹਾਂਰਾਸ਼ਟਰ ਦੇ ਇਕ ਇਲਾਕੇ ਤੋਂ ਇਕ ਪਰਿਵਾਰ ਨੇ ਮੱਧ ਪ੍ਰਦੇਸ਼ ਆਪਣੇ ਘਰ 1000 ਕਿ.ਮੀ. ਦਾ ਸਫ਼ਰ ਤਹਿ ਕਰਕੇ ਜਾਣਾ ਸੀ। ਉਨ੍ਹਾਂ ਦੇ ਪਰਿਵਾਰ ਵਿੱਚ ਇਕ ਗਰਭਵਤੀ ਔਰਤ ਸੀ, ਜਦ ਪ੍ਰਸ਼ਾਸਨ ਨੇ ਕੋਈ ਮਦਦ ਨਾ ਕੀਤੀ ਤਾਂ ਉਹ ਪੈਦਲ ਚੱਲ ਪਏ। ਰਸਤੇ ਵਿਚ ਚੱਪਲਾਂ ਪਾਟ ਗਈਆਂ, ਹੁਣ ਉਹ ਪਰਿਵਾਰ ਗਰਭਵਤੀ ਔਰਤ ਸਮੇਤ ਨੰਗੇ ਪੈਰੀਂ ਤੁਰੀ ਜਾ ਰਹੀ ਸੀ। ਰਸਤੇ ਵਿੱਚ ਹੀ ਉਸ ਔਰਤ ਨੇ ਬੱਚੇ ਨੂੰ ਜਨਮ ਦੇ ਦਿੱਤਾ। ਉਨ੍ਹਾਂ ਨੇ ਫਿਰ ਚਾਲੇ ਪਾ ਦਿੱਤੇ। ਇਸ ਦੌਰਾਨ ਉਨ੍ਹਾਂ ਨੇ ਕਈ ਲੋਕਾਂ ਤੇ ਪ੍ਰਸ਼ਾਸ਼ਨ ਤੋਂ ਮਦਦ ਮੰਗੀ ਪਰ ਕਿਸੇ ਨੇ ਉਨ੍ਹਾਂ ਦੀ ਮਦਦ ਨਾ ਕੀਤੀ। Prime Asia, ਯੂ-ਟਿਊਬ ਚੈਨਲ ਦੀ ਖ਼ਬਰ ਅਨੁਸਾਰ ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਦੇ ਬਾਰਡਰ ਨੇੜੇ ਪੀਪਲ ਗਾਓਂ ਨਾਮ ਦਾ ਇਕ ਪਿੰਡ ਹੈ। ਉੱਥੇ ਉਸ ਪਰਿਵਾਰ ਨੇ ਕੁਝ ਸਿੱਖ ਬੱਚੇ ਖੇਡਦੇ ਦੇਖੇ ਤਾਂ ਉਨ੍ਹਾਂ ਨੂੰ ਮਦਦ ਦੀ ਆਸ ਜਾਗੀ, ਦੇਖਣ ਵਾਲੀ ਗੱਲ ਹੈ ਕਿ ਇਸ 1000 ਕਿ.ਮੀ. ਦੇ ਏਰੀਏ ਵਿਚ ਸਿਰਫ਼ ਇੱਕ ਸਿੱਖਾਂ ਦੇ ਘਰ ਨੇ ਇਸ ਪਰਿਵਾਰ ਦੀ ਹਰ ਸੰਭਵ ਮਦਦ ਕੀਤੀ। ਇੱਕ ਰਾਤ ਘਰ ਰੱਖ ਕੇ ਆਰਾਮ ਵੀ ਕਰਾਇਆ।

ਇਸ ਤਰ੍ਹਾਂ ਦੀਆਂ ਖ਼ਬਰਾਂ ਦੇ ਰੌਲੇ ਤੋਂ ਬਾਅਦ ਪ੍ਰਸ਼ਾਸ਼ਨ ਦੀ ਲਾਪ੍ਰਵਾਹੀ ਦੀ ਨੀਂਦ ਵਿਚੋਂ ਅੱਖ ਖੁੱਲ੍ਹੀ ਤੇ ਟ੍ਰੇਨਾਂ ਚਲਾਉਣ ਦਾ ਫੈਸਲਾ ਲਿਆ ਗਿਆ। ਫਿਰ ਉਹੀ ਰੌਲਾ, ਸੀਮਤ ਟ੍ਰੇਨਾਂ ਤੇ ਰਜਿਸਟ੍ਰੇਸ਼ਨ, ਟਿਕਟਾਂ ਅਤੇ ਕਿਰਾਇਆ ਮਜ਼ਦੂਰ ਦੇਣ ਆਦਿ ਦੇ ਰੌਲੇ ਵਾਲੇ ਇਸ ਅਧੂਰੇ ਪ੍ਰਬੰਧ ਨੇ ਵੀ ਮਜ਼ਦੂਰਾਂ ਦਾ ਕੋਈ ਖ਼ਾਸ ਫਾਇਦਾ ਨਹੀਂ ਕੀਤਾ। ਟ੍ਰੇਨਾਂ ਇੱਕ ਥਾਂ ਤੋਂ ਦੂਸਰੀ ਥਾਂ ਜਾਣ ਲਈ 5-5, 9-9 ਦਿਨ ਲਾ ਰਹੀਆਂ ਨੇ। ਖਾਣ ਪੀਣ ਨੂੰ ਮਜ਼ਦੂਰਾਂ ਨੂੰ ਕੁਝ ਮਿਲ ਨੀ ਰਿਹਾ। ਹੁਣ ਟ੍ਰੇਨਾਂ ਅਤੇ ਰੇਲਵੇ ਸਟੇਸ਼ਨ ਤੇ ਮਜ਼ਦੂਰਾਂ ਦੀਆਂ ਮੌਤਾਂ ਦੀਆਂ ਖ਼ਬਰਾਂ ਆ ਰਹੀਆਂ ਨੇ।

ਜੇ ਮਜ਼ਦੂਰ ਪਟੜੀ 'ਤੇ ਪੈਦਲ ਜਾਂਦੇ ਨੇ ਤਾਂ ਟ੍ਰੇਨ ਕੁਚਲ ਦਿੰਦੀ ਹੈ ਜੇ ਟ੍ਰੇਨ ਵਿੱਚ ਜਾਂਦੇ ਨੇ ਤਾਂ ਭੁੱਖੇ-ਭਾਣੇ ਅਧੂਰੇ ਪ੍ਰਬੰਧਾਂ ਕਾਰਨ ਟ੍ਰੇਨ ਦੇ ਅੰਦਰ ਜਾਂ ਰੇਲਵੇ ਸਟੇਸ਼ਨਾਂ ਤੇ ਮਰ ਰਹੇ ਨੇ, ਮਜ਼ਦੂਰ ਕਰਨ ਤਾਂ ਕੀ ਕਰਨ?

ਪਟਿਆਲੇ ਦੇ ਰੇਲਵੇ ਸਟੇਸ਼ਨ 'ਤੇ 6 ਦਿਨਾਂ ਤੋਂ ਆਪਣੀ ਵਾਰੀ ਦੀ ਉਡੀਕ ਵਿੱਚ ਬੈਠੇ ਮਜ਼ਦੂਰਾਂ ਨਾਲ ਜਦ ਇੱਕ ਪੱਤਰਕਾਰ ਨੇ ਗੱਲਬਾਤ ਕੀਤੀ ਤਾਂ ਇਕ ਮਜ਼ਦੂਰ ਨੇ ਕਿਹਾ—

"ਇਸਸੇ ਅੱਛਾ ਹੈ ਹਮ ਲੋਗੋਂ ਕੋ ਗੋਲੀ ਮਾਰ ਦੀਜੀਏ ਵਹੀ ਅੱਛਾ ਹੈ, ਕਹੀਏ ਸਰਕਾਰ ਕੋ ਗੋਲੀ ਮਾਰਨੇ ਕਾ ਆਰਡਰ ਦੇ ਦੇ।"

ਹੁਣ ਤੁਸੀਂ ਅੰਦਾਜ਼ਾ ਲਾ ਸਕਦੇ ਹੋ ਜਿਹੜੇ ਮਜ਼ਦੂਰ ਮੂੰਹੋਂ ਮੌਤ ਮੰਗ ਰਹੇ ਨੇ ਉਨ੍ਹਾਂ ਦੇ ਮਨ ਦੀ ਕੀ ਹਾਲਤ ਹੋਵੇਗੀ। ਆਸ ਕਰਦੇ ਹਾਂ ਕਿ ਕਦੀ ਸਾਡੇ ਦੇਸ਼ ਦੀ ਸ਼ਾਸਨ ਵਿਵਸਥਾ ਵੀ ਸੁਧਰੇ ਤੇ ਸਾਡੇ ਦੇਸ਼ ਦੇ ਲੋਕ ਸੁਖੀ ਰਹਿਣ। ਗੱਲ ਇੱਥੇ ਮੁਕਾਉਂਦਾ ਹਾਂ ਕਿ ਜਿਸ ਤਰ੍ਹਾਂ ਕਿਹਾ ਜਾਂਦਾ ਹੈ "ਰੋਮ ਸੜਦਾ ਰਿਹਾ ਤੇ ਨੀਰੋ ਬੰਸਰੀ ਵਜਾਉਂਦਾ ਰਿਹਾ" ਉਸੇ ਤਰ੍ਹਾਂ ਅਜੋਕੇ ਸਮੇਂ ਲਈ ਭਾਰਤ ਦਾ ਇਤਿਹਾਸ ਕਹੇਗਾ ਕਿ —

"ਲੋੜਵੰਦ, ਗਰੀਬ ਮਜ਼ਦੂਰ ਮਰਦੇ ਰਹੇ ਤੇ ਸਰਕਾਰ ਭਾਸ਼ਣ ਦਿੰਦੀ ਰਹੀ।"

---

# ਲੌਕ ਡਾਊਨ ਦੇ ਚਲਦਿਆਂ

ਰਾਵੀ ਸਿੱਧੂ ਐਡਵੋਕੇਟ

ਥੋੜਾ ਧਿਆਨ ਦੇਣਾ ਅਸਲੀ ਕਾਰਨ ਕੀ ਸੀ ?

1. ਪੰਜਾਬ ਦੇ ਹਜਾਰਾਂ ਨਿੱਜੀ ਹਸਪਤਾਲ ਬੰਦ , ਬਹੁਤੇ ਸਰਕਾਰੀ ਹਸਪਤਾਲਾਂ 'ਚ ਵੀ ਓ. ਪੀ. ਡੀ. ਬੰਦ, ਹਜਾਰਾਂ ਲੈਬਾਰਟਰੀਆਂ 'ਤੇ ਕੀਤੇ ਜਾਂਦੇ ਲੱਖਾਂ ਟੈਸਟ ਵੀ ਬੰਦ ਤੇ ਪੰਜਾਬ 'ਚ ਫਿਰ ਵੀ ਹਰ ਕੋਈ ਤੰਦਰੁਸਤ। ਨਾ ਕਿਤੇ ਡੇਂਗੂ, ਨਾ ਕਿਸੇ ਦੇ ਸੈੱਲ ਘਟੇ ਵਧੇ, ਨਾ ਦਸਤ, ਨਾ ਹੈਜ਼ਾ, ਨਾ ਪੇਟ ਗੈਸ, ਨਾ ਤੇਜ਼ਾਬ ਇੱਥੋਂ ਤੱਕ ਕਿਸੇ ਵੀ ਔਰਤ ਦੇ ਢਿੱਡ 'ਚ ਨਾ ਗੋਲਾ ਜਿਹਾ ਚੜ੍ਹਿਆ, ਨਾ ਚਿੱਤ ਘਾਊਂ-ਮਾਊਂ ਹੋਇਐ। ਪੰਜਾਬੀਆਂ ਦੇ ਹੱਥ ਕਿਹੜੀ ਸੰਜੀਵਨੀ ਬੂਟੀ ਆ ਗਈ ਕਿ ਹਫ਼ਤੇ 'ਚ ਹੀ ਸਭ ਨੌਂ ਬਰ ਨੌਂ ਹੋ ਗਏ। ਬਿਮਾਰੀ ਦਾ ਅਸਲੀ ਕਾਰਨ ਕੀ ਸੀ? ਕੀ ਡਾਕਟਰ ਡਰੇ ਬੈਠੇ ਨੇ ਜਾਂ ਫਿਰ ਲੋਕਾਂ ਕੋਲ ਬਿਮਾਰ ਹੋਣ ਦਾ ਸਮਾਂ ਹੀ ਨਹੀਂ ? ਜਾਂ ਲੋਕ ਡਰਦੇ ਹੀ ਬਿਮਾਰ ਨਹੀਂ ਹੋ ਰਹੇ।

2. ਨਾ ਕਿਧਰੇ ਹਰਿਆਣਵੀ ਸ਼ਹਿਨਾਈ ਵਿਕੀ , ਨਾ ਕਿਧਰੇ ਰਾਜਸਥਾਨ ਵੱਲੋਂ ਪੋਸਤ ਦਾ ਟਰੱਕ ਆਇਆ, ਨਾ ਚਿੱਟਾ, ਨਾ ਕਾਲੀ ਨਾਗਣੀ ਦਿਸੀ, ਨਾ ਕਿਸੇ ਨੇ ਸੜਕਾਂ ਕਿਨਾਰੇ ਗਾਂਜਾ ਮਲਿਆ ਤੇ ਨਾ ਹੀ ਕੋਈ ਨਸ਼ੇ ਦੀ ਘਾਟ ਕਾਰਨ ਤਰਲੋ ਮੱਛੀ ਹੋਇਐ ਜਾਂ ਨਸ਼ੇ ਲਈ ਪੈਸੇ ਮੰਗਦਿਆਂ ਕਿਸੇ ਦਾ ਸਿਰ ਪਾੜਿਆ। ਫਿਰ ਇਹ ਸਾਰੀ ਖੇਡ ਕੀ ਸੀ ਉਡਦੇ ਪੰਜਾਬ ਵਾਲੀ। ਕਿੱਧਰ ਗਏ ਇਸ ਸਭ ਕੁੱਝ ਦੇ ਕਮਾਂਡਰ ?

3. ਨਾ ਵੱਟ ਦਾ ਰੌਲਾ, ਨਾ ਗਲੀ ਦਾ ਰੌਲਾ, ਨਾ ਨਜਾਇਜ ਕਬਜਾ, ਨਾ ਮਾਰਕੁੱਟ, ਨਾ ਰਾਜਨੀਤਿਕ ਕਿੜ, ਨਾ ਦਾਜ ਦਾ ਪਰਚਾ, ਨਾ ਤਲਾਕ ਦਾ ਕੇਸ, ਨਾ ਸ਼ਰਾਬੀਆਂ ਦੀਆਂ ਗਾਲਾਂ, ਨਾ ਦੇਹ ਵਪਾਰ, ਨਾ ਬਲਾਤਕਾਰ, ਨਾ ਡਾਕਾ ਨਾ ਚੋਰੀ, ਨਾ ਖੋਹ ਖੁਹਾਈ। ਬਾਰਾਂ ਦਿਨਾਂ 'ਚ ਪੰਜਾਬ ਸਤਯੁੱਗ 'ਚ ਕਿਵੇਂ ਚਲਾ ਗਿਆ? ਕੀ ਪੁਲੀਸ ਉਲਝੀ ਹੈ ਜਾਂ ਫਿਰ ਦਸ ਨੰਬਰੀਏ ਛੁੱਟੀ 'ਤੇ ਨੇ ?

4. ਨਾ ਰਾਜਨੀਤਿਕ ਰੈਲੀਆਂ, ਨਾ ਧੱਕੇ ਦਾ ਰੌਲਾ, ਨਾ ਹੱਕਾਂ ਦੀ ਗੱਲ, ਨਾ ਵੱਡੇ ਇਕੱਠਾਂ ਦੀ ਦੌੜ, ਨਾ ਚੇਤਨਾ ਸੈਮੀਨਾਰ, ਨਾ ਕੱਚੇ ਪੱਕੇ ਮੋਰਚੇ, ਨਾ ਕਿਧਰੇ ਝੂਠੇ ਐਲਾਨ। ਕੀ ਪੰਜਾਬ ਕੌਮਾਂ 'ਚ ਚਲਾ ਗਿਆ ਜਾਂ ਫਿਰ ਭਾਈਚਾਰਕ ਸਾਂਝ ਵਾਲੇ ਯੁੱਗ 'ਚ ?

ਜੇ ਇਹ ਸਭ ਬਾਰਾਂ ਦਿਨਾਂ 'ਚ ਹੋ ਸਕਦਾ ਹੈ ਫਿਰ ਘਾਟ ਕਿੱਥੇ ਹੈ ਕਿ ਸਾਡੇ ਡਾਕਟਰਾਂ, ਸਾਡੇ ਅਫਸਰਾਂ ਤੇ ਸਾਡੇ ਨੇਤਾਵਾਂ ਨੇ ਅਜਿਹਾ, ਨਾ ਬਾਰਾਂ ਮਹੀਨਿਆਂ 'ਚ ਕੀਤਾ, ਨਾ ਬਾਰਾਂ ਸਾਲਾਂ 'ਚ। ਯਾਦ ਰੱਖਿਓ ਇਹ ਸਭ ਸਤਯੁੱਗੀ ਵਰਤਾਰਾ ਹੁਣ ਵੀ ਕਿਸੇ ਨੇ ਨਹੀਂ ਦਿੱਤਾ। ਕੀਤਾ ਹੈ ਤਾਂ ਕੁਦਰਤ ਨੇ ਤੇ ਤੁਸੀਂ ਖੁਦ। ਜੇ ਇਹੋ ਜਿਹਾ ਜੀਵਨ ਚਾਹੁੰਦੇ ਹੋਂ ਤਾਂ ਆਪਣੇ ਮਨਾਂ ਦਾ, ਆਪਣੇ ਦਿਲਾਂ ਦਾ, ਆਪਣੀ ਸੋਚ ਦਾ ਤੇ ਆਪਣੇ ਇਰਾਦਿਆਂ ਦਾ ਲੌਕ ਡਾਉਨ ਕਦੇ ਵੀ ਖੁੱਲ੍ਹਣ ਨਾ ਦਿਓ। ਸਬਕ ਯਾਦ ਰੱਖਿਓ, ਘਾਟਾਂ ਪੂਰੀਆਂ ਕਰ ਲਿਓ, ਖਾਨਾ ਪੂਰਤੀਆਂ ਤੇ ਫੋਕੀਆਂ ਟੌਰਹਾਂ ਵਗਾਹ ਮਾਰਿਓ। ਫਿਰ ਕਦੇ ਵੀ ਨਹੀਂ ਜਾਣਾ ਬਜੁਰਗਾਂ ਵਾਲਾ ਇਹ ਸਤਿਯੁੱਗ।

ਇਨਸਾਨੀਅਤ ਜਿੰਦਾਬਾਦ !

# ਕੋਰੋਨਾ ਮਹਾਂਮਾਰੀ ਅਤੇ ਲੌਕਡਾਊਨ ਦੌਰਾਨ ਨਾਮਧਾਰੀ ਪੰਥ ਦੀਆਂ ਗਤੀਵਿਧੀਆਂ

ਹਰਪਾਲ ਸਿੰਘ ਸੇਵਕ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਕੋਰੋਨਾ ਮਹਾਂਮਾਰੀ ਤੋਂ ਮਾਨਵਤਾ ਦੀ ਰੱਖਿਆ ਲਈ ਨਾਮਧਾਰੀ ਸਿੱਖਾਂ ਵਲੋਂ ਨਾਮਬਾਣੀ ਦਾ ਜਾਪ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ ਉਚੇਚਾ ਹੁਕਮ ਕੀਤਾ ਕਿ ਇਸ ਸੰਕਟ ਦੌਰਾਨ ਆਪਣੇ ਰੋਜ਼ਾਨਾ ਦੇ ਨਾਮ ਬਾਣੀ ਦੇ ਨਿਤਨੇਮ ਤੋਂ ਇਲਾਵਾ ਹਰ ਸਿੱਖ ਰੋਜ਼ਾਨਾ 2 ਘੰਟੇ ਨਾਮ ਸਿਮਰਨ ਅਤੇ ਇਕ ਭਗੌਤੀਆਂ ਦੀ ਮਾਲਾ ਫੇਰ ਕੇ ਅਰਦਾਸ ਕਰੋ ਕਿ ਕੋਰੋਨਾ ਤੋਂ ਮਾਨਵਤਾ ਦੀ ਰੱਖਿਆ ਹੋਵੇ। ਰੋਗ-ਸੋਗ ਤੋਂ ਰੱਖਿਆ ਅਤੇ ਸਰਬੱਤ ਦੇ ਭਲੇ ਲਈ ਜੋ ਜਪ-ਤਪ ਸਾਮੂਹਿਕ ਤੌਰ ਤੇ ਹੋਏ ਉਸਦਾ ਵੇਰਵਾ ਇਸ ਪ੍ਰਕਾਰ ਹੈ :-

ਨਾਮ-ਬਾਣੀ ਦਾ ਪ੍ਰਵਾਹ :- 10 ਮਾਰਚ 2020 ਨੂੰ ਸ੍ਰੀ ਭੈਣੀ ਸਾਹਿਬ ਵਿਖੇ 100 ਹਵਨ ਯੱਗ ਕੀਤੇ। ਸੱਤ ਸਿੰਘਾਂ ਦਾ ਜੱਥਾ ਹਵਨ ਯੱਗ ਕਰਦਾ ਹੈ। ਅਗਨੀ ਵਿਚ ਸੁਗੰਧਿਤ ਜੜੀਆਂ-ਬੂਟੀਆਂ ਦੀ ਸਮਗਰੀ ਘਿਉ ਵਿਚ ਮਿਲਾ ਕੇ ਆਹੂਤੀ ਪਾਈ ਜਾਂਦੀ ਹੈ।, ਇੱਕ ਸਿੰਘ ਜਲ ਦਾ ਛਿੱਟਾ ਦੇਂਦਾ ਹੈ। ਪੰਜ ਸਿੰਘ ਸੱਤ ਬਾਣੀਆਂ:- ਜਪੁ, ਜਾਪੁ, ਚੌਪਈ, ਅਕਾਲ ਉਸਤਤ, ਚੰਡੀ ਚਰਿਤ੍ਰ (ਦੂਸਰਾ) ਚੰਡੀ ਦੀ ਵਾਰ ਅਤੇ ਉਗ੍ਰਦੰਤੀ ਦਾ ਪਾਠ ਕਰਦੇ ਹਨ।

ਹੋਲੇ ਮਹੱਲੇ ਦੇ ਭੋਗ ਸਮੇਂ ਤਿੰਨ ਲੱਖ ਤੋਂ ਵੱਧ ਚੌਪਈ (ਪੁਨ ਰਾਛਸ ਕਾ ਕਾਟਾ ਸੀਸਾ) ਦੇ ਪਾਠਾਂ ਦੇ ਭੋਗ ਪਾਏ ਗਏ।

ਸ੍ਰੀ ਭੈਣੀ ਸਾਹਿਬ ਵਿਖੇ ਰੋਜ਼ਾਨਾ ਆਸਾ ਦੀ ਵਾਰ ਦੇ ਕੀਰਤਨ ਅਤੇ ਦੁਪਹਿਰ ਦੇ ਅਤੇ ਸ਼ਾਮ ਦੇ ਨਾਮ-ਸਿਮਰਨ, ਕਥਾ ਕੀਰਤਨ ਦੌਰਾਨ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਸਾਰਾ ਪਰੋਗਰਾਮ ਹਰੀ ਮੰਦਰ ਦੀ ਜਗ੍ਹਾ ਪ੍ਰਤਾਪ ਮੰਦਰ (ਵੱਡੇ ਹਾਲ) ਵਿੱਚ ਹੁੰਦਾ ਹੈ। ਜਿੱਥੇ ਸਾਰੇ ਖੁੱਲੇ-ਖੁੱਲੇ ਬੈਠ ਸਕਦੇ ਹਨ। ਪਰ ਸਿਮਰਨ-ਕਥਾ-ਕੀਰਤਨ ਨਿਰਵਿਘਨ ਜਾਰੀ ਰਿਹਾ। ਇਸਤੋਂ ਬਿਨਾਂ ਅਖੰਡ ਪਾਠ, ਸਹਿਜ ਪਾਠ ਵੀ ਜਾਰੀ ਰਹੇ।

ਸ੍ਰੀ ਭੈਣੀ ਸਾਹਿਬ ਦੇ ਨੌਜੁਆਨ ਸਿੰਘਾਂ ਅਤੇ ਬੀਬੀਆਂ ਨੇ ਨਾਮ-ਸਿਮਰਨ ਦੀ ਅਖੰਡ ਵਰਨੀ ਸ਼ੁਰੂ ਕੀਤੀ। ਇਸ ਤੋਂ ਬਿਨਾਂ ਜਲੰਧਰ ਦੇ ਨੌਜੁਆਨਾ ਨੇ ਵੀ ਕ੍ਰੀਬ ਮਹੀਨਾ ਭਰ ਅਖੰਡ ਵਰਨੀ ਦਾ ਆਯੋਜਨ ਕੀਤਾ। ਦੇਸ਼ ਭਰ ਵਿਚ, ਵੱਖੋ-ਵੱਖ ਸ਼ਹਿਰਾਂ ਵਿੱਚ ਅਤੇ ਵਿਦੇਸ਼ਾਂ ਵਿਚ ਜਿੱਥੇ-ਜਿੱਥੇ ਵੀ ਨਾਮਧਾਰੀ ਸੰਗਤਾਂ ਹਨ, ਉਨ੍ਹਾਂ ਨੇ ਘਰੋਂ ਘਰੀ ਨਾਮ-ਸਿਮਰਨ ਸ਼ੁਰੂ ਕੀਤਾ। ਨਿਊਯਾਰਕ, ਇੰਗਲੈਂਡ, ਟੋਰਾਂਟੋ ਅਤੇ ਵੈਨਕੂਵਰ ਦੀਆਂ ਸੰਗਤਾਂ ਨੇ ਜ਼ੂਮ ਐਪ ਰਾਹੀਂ ਸੈਂਕੜੇ ਪਰਿਵਾਰਾਂ ਨੇ ਇਕੱਠੇ ਨਾਮ-ਸਿਮਰਨ, ਕਥਾ, ਕੀਰਤਨ ਆਦਿ ਸਤਿਸੰਗ ਦਾ ਪ੍ਰਵਾਹ ਸ਼ੁਰੂ ਕੀਤਾ ਹੈ। ਕਿਉਂਕਿ ਸਾਰੇ ਘਰਾਂ ਵਿਚ ਵਿਹਲੇ ਹਨ। ਇਸ ਲਈ ਦੋ ਘੰਟੇ ਸਵੇਰੇ ਅਤੇ ਦੋ ਘੰਟੇ ਸ਼ਾਮ ਨੂੰ ਸਤਿਸੰਗ ਕਰਦੇ ਹਨ। ਸਮੇਂ-ਸਮੇਂ ਸ੍ਰੀ ਸਤਿਗੁਰੂ ਜੀ ਵੀ ਜ਼ੂਮ ਕਾਨਫਰੰਸ ਵਿਚ ਦਰਸ਼ਨ ਦੇ ਕੇ, ਸੰਗਤਾਂ ਨੂੰ ਨਾਮ-ਸਿਮਰਨ ਕਰਨ ਲਈ ਉਪਦੇਸ਼ ਦੇਂਦੇ ਰਹੇ।

ਕੁਝ ਬਜੁਰਗਾਂ ਦੇ ਭੋਗ ਦੀਆਂ ਰਸਮਾਂ ਵੀ ਇਸੇ ਢੰਗ ਨਾਲ ਸੰਪੂਰਨ ਹੋਈਆਂ ਜਿਵੇਂ 3 ਮਈ ਨੂੰ ਇੰਗਲੈਂਡ ਨਿਵਾਸੀ ਸ੍ਰ. ਕੁਲਦੀਪ ਸਿੰਘ ਰਾਇਤ ਦੇ ਭੋਗ ਦੇ ਸਲੋਕ ਬੰਗਲੌਰ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿਚ ਪੜ੍ਹੇ ਗਏ, ਕੀਰਤਨ ਸ੍ਰੀ ਭੈਣੀ ਸਾਹਿਬ ਵਿਖੇ ਹਜੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਨੇ ਸਾਥੀਆਂ ਸਹਿਤ ਕੀਤਾ। ਯੂ ਟਿਊਬ ਰਾਹੀਂ ਦੋਹਾਂ ਸਥਾਨਾਂ ਦੇ ਦਰਸ਼ਨ ਰਾਇਤ ਪ੍ਰਵਾਰ ਨੇ ਇੰਗਲੈਂਡ ਵਿਖੇ ਕੀਤੇ।

ਲੁਧਿਆਣੇ ਸੰਤ ਸ਼ਮਸ਼ੇਰ ਜੀ ਨੇ ਆਪਣੇ ਗ੍ਰਹਿ ਵਿਖੇ ਪੂਰੇ ਪ੍ਰਵਾਰ ਸਹਿਤ ਅਖੰਡ ਵਰਨੀ ਵਾਂਗ ਦੋ-ਦੋ ਘੰਟੇ ਦੀ

ਰੋਲ ਲਾ ਕੇ ਪੂਰਾ ਦਿਨ ਨਾਮ ਸਿਮਰਨ ਕਰਦੇ ਰਹੇ।

ਯਾਦ ਰਹੇ ਕਿ ਪਿਛਲੇ ਵਰ੍ਹੇ ਜਦੋਂ ਆਸਟ੍ਰੇਲੀਆ ਦੇ ਜੰਗਲਾਂ ਵਿੱਚ ਲੱਗੀ ਅੱਗ ਭਾਰੀ ਤਬਾਹੀ ਮਚਾ ਰਹੀ ਸੀ। ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸ੍ਰੀ ਭੈਣੀ ਸਾਹਿਬ ਗਿਆਰਾਂ ਅਖੰਡ ਪਾਠ ਕਰਕੇ ਅੱਗ ਦੇ ਬੁੱਝਣ ਅਤੇ ਜੀਵਾਂ ਦੀ ਰੱਖਿਆ ਲਈ ਅਰਦਾਸ ਕੀਤੀ ਗਈ। ਆਸਟ੍ਰੇਲੀਆ ਤੋਂ ਸੂਬਾ ਸਤਨਾਮ ਸਿੰਘ ਜੀ ਦੇ ਦੱਸਣ ਅਨੁਸਾਰ ਸ੍ਰੀ ਭੈਣੀ ਸਾਹਿਬ ਪਾਠਾਂ ਦੇ ਭੋਗਾਂ ਤੋਂ ਕੁਝ ਦਿਨ ਬਾਅਦ ਹੀ ਉਥੇ ਮੀਂਹ ਪੈ ਗਿਆ ਅਤੇ ਅੱਗ ਬੁੱਝ ਗਈ।

## ਲੋੜਵੰਦਾਂ ਦੀ ਸੇਵਾ-ਸਹਾਇਤਾ ਅਤੇ ਲੰਗਰ ਦਾ ਪ੍ਰਵਾਹ:-

ਸ੍ਰੀ ਸਤਿਗੁਰੂ ਜੀ ਵਲੋਂ ਉਚੇਚੇ ਹੁਕਮ ਅਨੁਸਾਰ ਲੌਕਡਾਊਨ ਲੋੜਵੰਦ ਗ੍ਰੀਬ ਪ੍ਰਵਾਰਾਂ ਨੂੰ ਲੰਗਰ ਅਤੇ ਰਸਤ ਵੰਡਣ ਦੀ ਸੇਵਾ ਵੀ ਵੱਡੇ ਪੱਧਰ ਤੇ ਕੀਤੀ ਗਈ। ਸ੍ਰੀ ਭੈਣੀ ਸਾਹਿਬੋਂ ਅਤੇ ਸਸਰਾਲੀ ਕਲੌਨੀ ਤੋਂ ਰੋਜ਼ਾਨਾ ਹਜਾਰਾਂ ਪਰਿਵਾਰਾਂ ਨੂੰ ਲੰਗਰ ਪੁਚਾਇਆ ਜਾਂਦਾ ਰਿਹਾ। ਨਾਮਧਾਰੀ ਸ਼ਹੀਦੀ ਸਮਾਰਕ (ਲੁਧਿਆਣਾ) ਤੋਂ ਲੋੜਵੰਦ ਪ੍ਰਵਾਰਾਂ ਨੂੰ ਰਸਤ ਵੰਡੀ ਜਾਂਦੀ ਰਹੀ ਹੈ। ਆਟਾ, ਦਾਲਾਂ, ਚਾਵਲ, ਖੰਡ, ਤੇਲ ਅਤੇ ਮਰਚ-ਮਸਾਲੇ ਵਗੈਰਾ ਦੇ ਢੇਰ ਲਾਏ ਗਏ ਸਨ। ਲੋੜਵੰਦ ਆਪਣੀ ਲੋੜ ਅਨੁਸਾਰ ਆਪੇ ਲੈ ਜਾਂਦੇ ਸਨ।

ਪੰਜਾਬ ਹਰਿਆਣੇ ਚੋਂ ਜੋ ਮਜਦੂਰ ਯੂ.ਪੀ., ਬਿਹਾਰ ਨੂੰ ਜਾ ਰਹੇ ਸਨ। ਦਿੱਲੀ ਬਾਰਡਰ ਤੇ ਨਾਮਧਾਰੀ ਸੰਗਤ ਵਲੋਂ ਉਨ੍ਹਾਂ ਨੂੰ ਲੰਗਰ ਛਕਾਉਣ ਦੀ ਸੇਵਾ ਨਿਭਾਈ ਗਈ। ਨਿਊਯਾਰਕ ਵਿਖੇ ਨਾਮਧਾਰੀ ਸਿੰਘਾਂ ਵਲੋਂ ਹਸਪਤਾਲਾਂ ਵਿਚ ਲੰਗਰ ਪਹੁੰਚਾਇਆ ਜਾਂਦਾ ਰਿਹਾ। ਬੰਗਲੌਰ ਨਾਮਧਾਰੀ ਫਾਰਮ ਤੋਂ ਵੀ ਲੋੜਵੰਦਾਂ ਨੂੰ ਰਸਤ ਵੰਡੀ ਗਈ।

ਆਦਿ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਗੁਰੂ ਘਰ ਵਿੱਚ ਦੋ ਤਰ੍ਹਾਂ ਦੇ ਲੰਗਰ ਦੀ ਪਰੰਪਰਾ ਹੈ। ਪਹਿਲਾਂ ਹੈ ਉਦਰ ਪੂਰਤੀ ਲਈ ਅੰਨ ਦਾ ਲੰਗਰ ਜਿਸਦੀ ਸ਼ੁਰੂਆਤ ਸਾਹਿਬ ਸਤਿਗੁਰੂ ਨਾਨਕ ਦੇਵ ਜੀ ਨੇ ਭੁੱਖੇ ਸਾਧੂਆਂ ਨੂੰ ਪ੍ਰਸ਼ਾਦ ਛਕਾ ਕੇ ਕੀਤੀ ਸੀ।

ਲੰਗਰਿ ਦਉਲਤਿ ਵੰਡਿਐ ਰਸੁ ਅੰਮ੍ਰਿਤ ਖੀਰਿ ਘਿਆਲੀ॥

ਅੰਨ-ਪਾਣੀ ਦਾ ਲੰਗਰ ਵਿਸ਼ਵ ਭਰ ਵਿਚ ਹਜਾਰਾਂ ਗੁਰਦੁਆਰਿਆਂ ਵਿੱਚ ਅੰਨਪੂਰਨਾ ਵਜੋਂ ਸੇਵਾ ਨਿਭਾ ਰਿਹਾ ਹੈ। ਦੂਸਰਾ ਹੈ ਆਤਮਿਕ ਤ੍ਰਿਪਤੀ ਵਾਸਤੇ ਗੁਰੂ ਸ਼ਬਦ ਦਾ, ਨਾਮ-ਬਾਣੀ ਦਾ ਲੰਗਰ

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥

ਨਾਮਧਾਰੀ ਸਿੱਖ ਪੰਥ ਵਿਚ ਗੁਰਮਤਿ ਪਰੰਪਰਾ ਦੇ ਦੋਵੇਂ ਲੰਗਰ ਬਰਾਬਰ ਚਲਦੇ ਹਨ ਅਤੇ ਲੌਕਡਾਊਨ ਦੌਰਾਨ ਘਰੋ-ਘਰੀ ਨਾਮ-ਸਿਮਰਨ ਦਾ ਪ੍ਰਵਾਹ ਜਾਰੀ ਹੋਣ ਨਾਲ 'ਘਰਿ ਘਰਿ ਅੰਦਰਿ ਧਰਮਸਾਲ'ਵਾਕ ਸਾਕਾਰ ਹੋਇਆ।

---------------------------

# ਸੇਵਾ ਹਰ ਭੇਖ ਦੀ ਕਰਨੀ

ਸੁਖਵਿੰਦਰ ਸਿੰਘ ਲਾਇਲ

ਸਿੱਖ ਧਰਮ ਵਿੱਚ ਸੇਵਾ ਦਾ ਬੜਾ ਮਹੱਤਵ ਹੈ। ਸੇਵਾ ਤੋਂ ਭਾਵ ਹੈ ਬਿਨਾਂ ਕਿਸੇ ਸਵਾਰਥ, ਭੇਦ ਭਾਵ ਨਿਸ਼ਕਾਮ ਭਾਵ ਨਾਲ ਲੋੜਵੰਦ ਦੀ ਸੇਵਾ, ਸਹਾਇਤਾ ਕਰਨੀ।

ਸੇਵਾ ਕਰਤਾ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥

ਸੇਵਾ ਕਦੇ ਪਹਿਲਾਂ ਹੀ ਬਣਾਈ ਵਿਉਂਤ ਅਨੁਸਾਰ ਨਹੀਂ ਕੀਤੀ ਜਾਂਦੀ ਸਗੋਂ ਕਈ ਵਾਰ ਅਚਾਨਕ ਹੀ ਸੇਵਾ ਕਰਨ ਦਾ ਅਵਸਰ ਮਿਲ ਜਾਂਦਾ ਹੈ। ਸਿੱਖ ਤਾਂ ਆਪਣੇ ਸਤਿਗੁਰੂ ਦੀਆਂ ਖੁਸ਼ੀਆਂ ਲੈਣ ਵਾਸਤੇ ਸੇਵਾ ਨੂੰ ਹਮੇਸ਼ਾਂ ਤਤਪਰ ਰਹਿੰਦੇ ਹਨ ਤੇ ਸਤਿਗੁਰੂ ਤਾਂ ਹੁੰਦਾ ਹੀ ਗਰੀਬਾਂ ਅਨਾਥਾਂ ਦਾ ਸਹਾਈ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਇਕ ਹੁਕਮਨਾਮੇ ਵਿੱਚ ਸੇਵਾ ਕਰਨ ਨੂੰ ਉਤਸਾਹਿਤ ਕਰਦਿਆਂ ਆਪਣੇ ਸਿੱਖਾਂ ਨੂੰ ਲਿਖਦੇ ਹਨ "ਸੇਵਾ ਹਰ ਭੇਖ ਦੀ ਕਰਨੀ,ਨਿੰਦਾ ਕਰਨ ਵਾਲੇ ਦੀ ਬੀ" ਇਸ ਤੋਂ ਅਗਾਂਹ ਲਿਖਦੇ ਹਨ ਕਿ ਤੁਹਾਨੂੰ ਆਪਣੇ ਕਰਮਾਂ ਦਾ ਫਲ ਮਿਲਣਾ ਹੈ "ਨਿੰਦਾ ਕਰਨ ਵਾਲੇ ਨੂੰ ਨਿੰਦਾ ਦਾ ਫ਼ਲ ਤੇ ਸੇਵਾ ਕਰਨ ਵਾਲੇ ਨੂੰ ਸੇਵਾ ਦਾ ਫ਼ਲ"। ਗੁਰੂ ਘਰ ਦੀ ਇਸੇ ਪ੍ਰੰਪਰਾ ਨੂੰ ਆਪਣੇ ਪੂਰਵ ਸਤਿਗੁਰਾਂ ਵਾਂਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਸਦਾ ਸੇਵਾ ਵਾਸਤੇ ਆਪਣੇ ਸਿੱਖਾਂ ਨੂੰ ਪ੍ਰੇਰਦੇ ਰਹਿੰਦੇ ਹਨ। ਆਪ ਜੀ ਨੂੰ ਅਗਰ ਪਤਾ ਵੀ ਚਲ ਜਾਵੇ ਕਿ ਕੋਈ ਦੀਨ ਦੁਖੀ ਇਸ ਵਕਤ ਲੋੜਵੰਦ ਹੈ ਆਪ ਜੀ ਤਤਪਰ ਹੋ ਜਾਂਦੇ ਹਨ ਉਸਦੀ ਸੇਵਾ ਕਰਨ ਵਾਸਤੇ ਕੋਈ ਸ਼ਰਤ ਨਹੀਂ ਹੁੰਦੀ ਕਿ ਉਹ ਨਾਮਧਾਰੀ ਹੈ ਜਾਂ ਗੈਰ ਨਾਮਧਾਰੀ ਜਾਂ ਫਿਰ ਕੋਈ ਨਿੰਦਕ ਹੀ ਕਿਉਂ ਨਾ ਆ ਜਾਵੇ ਬੂਹੇ ਤੇ ਹਜ਼ੂਰ ਦੇ ਦਰ ਤੋਂ ਕਦੇ ਖਾਲੀ ਨਹੀਂ ਮੁੜਿਆ।

ਦਿਸੰਬਰ 2019 ਨੂੰ ਸੰਸਾਰ ਵਿੱਚ ਕੋਵਿਡ-19 ਨਾਮਕ ਮਹਾਂਮਾਰੀ ਦਾ ਆਗਾਜ਼ ਹੋਇਆ। ਚੀਨ ਦੇ ਵੁਹਾਨ ਸ਼ਹਿਰ ਤੋਂ ਉੱਠੀ ਇਹ ਮਹਾਂਮਾਰੀ ਇਰਾਨ, ਇਟਲੀ, ਇੰਗਲੈਂਡ, ਅਮਰੀਕਾ ਹੁੰਦੀ ਹੋਈ ਸਾਰੇ ਵਿਸ਼ਵ ਵਿੱਚ ਫੈਲ ਗਈ। ਲੱਖਾਂ ਹੀ ਲੋਕ ਇਸ ਮਹਾਂਮਾਰੀ ਨੇ ਆਪਣੀ ਗ੍ਰਿਫਤ ਵਿੱਚ ਜਕੜ ਲਏ ਤੇ ਲੱਖਾਂ ਹੀ ਲੋਕਾਂ ਦੀ ਮੌਤ ਵੀ ਹੋ ਗਈ। ਹਾਲੇ ਤਕ ਕੋਈ ਪੁਖਤਾ ਇਲਾਜ ਇਸ ਬਿਮਾਰੀ ਦਾ ਸਾਹਮਣੇ ਨਹੀਂ ਆਇਆ। ਭਾਰਤ ਸਰਕਾਰ ਨੇ ਇਸ ਬੀਮਾਰੀ ਨੂੰ ਵਧਣ ਤੋਂ ਰੋਕਣ ਵਾਸਤੇ ਲਾਕ ਡਾਊਨ ਦਾ ਐਲਾਨ ਕੀਤਾ ਤਾਂ ਕਿ ਲੋਕ ਸਾਰਵਜਨਿਕ ਥਾਵਾਂ ਤੇ ਇਕੱਠੇ ਨਾ ਹੋ ਸਕਣ ਤੇ ਇਹ ਬਿਮਾਰੀ ਵਧ ਨਾ ਸਕੇ। ਬੱਸਾਂ, ਰੇਲਾਂ, ਹਵਾਈ ਜਹਾਜ਼, ਕਾਰਖਾਨੇ, ਦੁਕਾਨਾਂ, ਕਾਰੋਬਾਰ ਆਦਿ ਹਰੇਕ ਤਰਾਂ ਦਾ ਕੰਮ ਬੰਦ ਕਰ ਦਿੱਤਾ ਗਿਆ। ਗੁਰਦੁਆਰੇ, ਮੰਦਰ, ਮਸਜਿਦਾਂ ਆਦਿ ਧਾਰਮਕਿ ਸਥਲਾਂ ਨੂੰ ਵੀ ਬੰਦ ਕਰਨ ਦੀ ਅਪੀਲ ਸਰਕਾਰਾਂ ਵੱਲੋਂ ਕੀਤੀ ਗਈ। ਰੋਜ਼ ਕਮਾ ਕੇ ਖਾਣ ਵਾਲੇ ਮਜ਼ਦੂਰ ਲੋਕਾਂ ਵਾਸਤੇ ਬਹੁਤ ਔਖਾ ਹੋ ਗਿਆ।

ਸ੍ਰੀ ਸਤਿਗੁਰੂ ਉਦੇ ਸਿੰਘ ਸੱਚੇ ਪਾਤਿਸ਼ਾਹ ਨੇ ਆਪਣੇ ਸਿੱਖਾਂ ਨੂੰ ਹੁਕਮ ਕੀਤਾ ਕਿ ਇਸ ਗਲ ਨੂੰ ਯਕੀਨੀ ਬਨਾਉਣ ਕਿ ਤੁਹਾਡੇ ਆਸ ਪਾਸ ਕੋਈ ਪਰਿਵਾਰ ਕਿਸੇ ਵੀ ਤਰਾਂ ਭੁੱਖਾ ਨਾ ਰਹੇ। ਆਪ ਜੀ ਨੇ ਆਪਣੇ ਖਜ਼ਾਨੇ ਖੋਲ ਦਿੱਤੇ।ਨਾਮਧਾਰੀ ਨੌਜਵਾਨਾਂ ਨੂੰ ਵਿਸ਼ੇਸ਼ ਕਰਕੇ ਆਪ ਜੀ ਹੁਕਮ ਕੀਤਾ ਕਿ ਤਕੜੇ ਹੋਕੇ ਸੇਵਾ ਕਰਨ।ਵੱਖੋ ਵੱਖਰੇ ਇਲਾਕਿਆਂ ਵਿੱਚ ਨਾਮਧਾਰੀ ਵਿਦਿਅਕ ਜਥੇ ਦੇ ਨੌਜਵਾਨਾਂ ਨੇ ਸਾਧ ਸੰਗਤ ਦੇ ਸਹਿਯੋਗ ਨਾਲ ਹਜ਼ਾਰਾਂ ਹੀ ਲੋੜਵੰਦਾਂ ਨੂੰ ਰਾਸ਼ਣ ਵਰਤਾਇਆ।

ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ, ਨਾਮਧਾਰੀ ਸਮਾਰਕ ਲੁਧਿਆਣਾ, ਸਸਰਾਲ਼ੀ ਕਲੋਨੀ, ਸ਼ਹੀਦੀ ਸਮਾਰਕ ਮਲੇਰਕੋਟਲਾ, ਜਲੰਧਰ ਸ਼ਹਿਰ, ਅਮ੍ਰਿਤਸਰ ਸ਼ਹੀਦੀ ਸਮਾਰਕ, ਦਿੱਲੀ, ਏਲਨਾਬਾਦ, ਸਿਰਸਾ, ਚੰਡੀਗੜ੍ਹ, ਮੁਹਾਲੀ,

ਮੰਡੀ, ਸੁੰਦਰ ਨਗਰ, ਪਾਣੀਪਤ, ਜਲਾਲਾਬਾਦ, ਸਮਾਣਾ, ਦੌਲਤਪੁਰ, ਮਾਨਸਾ, ਬਟਾਲਾ, ਤਰਨਤਾਰਨ, ਬਜੀਦਪੁਰ, ਔੜ, ਗੁਰਾਇਆ ਆਦਿ ਇਲਾਕਿਆਂ ਤੋਂ ਜਿੱਥੇ ਜਿੱਥੇ ਵੀ ਨਾਮਧਾਰੀ ਪਰਿਵਾਰ ਰਹਿੰਦੇ ਹਨ ਸਿੱਖਾਂ ਨੇ ਲੰਗਰ ਤੇ ਰਾਸ਼ਣ ਵੰਡਣ ਦੀ ਸੇਵਾ ਬਿਨਾਂ ਕਿਸੇ ਭੇਦਭਾਵ ਤੋਂ ਤਨ ਮਨ ਧਨ ਨਾਲ ਨਿਭਾਈ ।ਇਸ ਤੋਂ ਇਲਾਵਾ ਇੰਗਲੈਂਡ, ਅਮਰੀਕਾ ਦੇ ਸ਼ਹਿਰ ਨਿਊਯਾਰਕ ਜਿਥੇ ਸਭ ਤੋਂ ਵੱਧ ਹਾਲਾਤ ਖਰਾਬ ਹਨ, ਥਾਈਲੈਂਡ ਆਦਿ ਮੁਲਕਾਂ ਵਿੱਚ ਸਾਧ ਸੰਗਤ ਨੇ ਤਕੜੇ ਹੋ ਕੇ ਸੇਵਾ ਕੀਤੀ ਤੇ ਕਰ ਰਹੀ ਹੈ। ਵੱਡੀ ਗੱਲ ਇਹ ਹੈ ਕਿ ਸ੍ਰੀ ਸਤਿਗੁਰੂ ਜੀ ਉਚੇਚਿਆਂ ਆਪ ਫੋਨ ਕਰਕੇ ਸੇਵਾ ਕਰਨ ਵਾਲੇ ਨੌਜਵਾਨਾਂ ਦਾ ਤੇ ਸਾਧ ਸੰਗਤ ਦਾ ਹੌਂਸਲਾ ਵਧਾਉਂਦੇ ਹਨ ਤੇ ਤਕੜੇ ਹੋ ਕੇ ਸੇਵਾ ਕਰਨ ਲਈ ਪ੍ਰੇਰਦੇ ਹਨ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ-ਲੁਧਿਆਣਾ ਤੇ ਸਿਰਸਾ ਵਿੱਚ ਮੂਹਰਲੀ ਕਤਾਰ ਵਿੱਚ ਹੋ ਕਰੋਨਾ ਨਾਲ ਜੰਗ ਲੜ ਰਹੇ ਕਿਸੇ ਵੀ ਡਾਕਟਰ, ਪੁਲਿਸ, ਸਫਾਈ ਆਦਿ ਸਰਕਾਰੀ ਕਰਮਚਾਰੀ ਜਾਂ ਅਧਿਕਾਰੀ ਦੇ ਬਿਲਕੁਲ ਮੁਫਤ ਇਲਾਜ ਵਾਸਤੇ ਸਰਕਾਰ ਨੂੰ ਆਫਰ ਕੀਤੀ ਤੇ ਇਲਾਜ ਕੀਤੇ ਵੀ ਗਏ ਹਨ।

ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ "ਇਹ ਗੁਰੂ ਨਾਨਕ ਦੇਵ ਜੀ ਦੀ ਚਲਾਈ ਪ੍ਰਥਾ ਹੀ ਹੈ ਕਿ ਜਿਥੇ ਵੀ ਗੁਰੂ ਨਾਨਕ ਨੂੰ ਮੰਨਣ ਵਾਲਾ ਸਿੱਖ ਬੈਠਾ ਉਸਦੇ ਮਨ ਵਿੱਚ ਸੇਵਾ ਕਰਨ ਦਾ ਚਾਅ ਹੁੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਿਆ ਕਰਦੇ ਸਨ ਕਿ ਜਿਸ ਦੀ ਤੁਸੀਂ ਸੇਵਾ ਕਰੋ ਉਸਦਾ ਧੰਨਵਾਦ ਕਰੋ ਕਿ ਤੂੰ ਮੈਨੂੰ ਸੇਵਾ ਦਾ ਮੌਕਾ ਦਿੱਤਾ ਹੈ।"

ਵੱਖ ਵੱਖ ਸ਼ਹਿਰਾਂ ਤੇ ਰਾਜਾਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਨਾਮਧਾਰੀ ਸੰਗਤ ਦਾ ਉਚੇਚਿਆਂ ਸਹਿਯੋਗ ਦੇਣ ਵਾਸਤੇ ਧੰਨਵਾਦ ਕੀਤਾ ਓਥੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੋਰਾਂ ਸ੍ਰੀ ਸਤਿਗੁਰੂ ਜੀ ਦੇ ਇਸ ਸਾਰੇ ਯੋਗਦਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹੀ ਹੈ ਅਤੇ ਕਰਦੀ ਰਹੇਗੀਂ।

-9815377811

## ਡਾਰਵਿਨ ਝੂਠ ਬੋਲਦਾ ਹੈ...

-ਗੁਰਭਜਨ ਗਿੱਲ

ਸਾਡਾ ਵਿਕਾਸ ਬਾਂਦਰ ਤੋਂ ਨਹੀਂ
ਭੇਡਾਂ ਤੋਂ ਹੋਇਆ ਹੈ
ਭੇਡਾਂ ਸਾਂ
ਭੇਡਾਂ ਹਾਂ
ਤੇ ਭੇਡਾਂ ਹੀ ਰਹਾਂਗੇ
ਜਦ ਤੀਕ ਸਾਨੂੰ ਆਪਣੀ
ਉੱਨ ਦੀ ਕੀਮਤ ਦਾ
ਪਤਾ ਨਹੀਂ ਲੱਗਦਾ।
ਸਾਨੂੰ ਚਾਰਨ ਵਾਲਾ ਹੀ ਸਾਨੂੰ ਮੁੰਨਦਾ ਹੈ।
ਬਾਂਦਰ ਤਾਂ ਬਜ਼ਾਰ ਵਿੱਚ
ਖ਼ਰੀਦ ਵੇਚ ਦਾ ਕਾਰੋਬਾਰੀ ਹੈ।
ਬਿਨਾ ਕੁਝ ਖਰਚਿਆਂ
ਮੁਨਾਫੇ ਦਾ ਅਧਿਕਾਰੀ ਹੈ।
ਅਸੀਂ ਵੈਰੀ ਨਹੀਂ ਪਛਾਣਦੇ
ਸਾਡੀ ਹੀ ਮਤ ਮਾਰੀ ਹੈ।
ਡਾਰਵਿਨ ਨੂੰ ਕਹੋ
ਆਪਣੇ ਵਿਕਾਸਵਾਦੀ ਸਿਧਾਂਤ ਨੂੰ
ਮੁੜ ਵਿਚਾਰੇ!
ਵਕਤ ਬਦਲ ਗਿਆ ਹੈ।

# ਭਲਾ ਸੁਖ ਤਾਂ ਹੈ?

ਹੈਪੀ ਰਾਏਕੋਟੀ

ਅਸੀਂ ਪਸ਼ੂ ਤੇ ਪੰਛੀ ਬੋਲ ਰਹੇ
ਭਲਾ ਸੁਖ ਤਾਂ ਹੈ?
ਕਿਉਂ ਲੋਕ ਕੁੰਡੇ ਨਹੀਂ ਖੋਲ ਰਹੇ
ਭਲਾ ਸੁਖ ਤਾਂ ਹੈ?
ਸੁੰਨਾ ਸੁੰਨਾ ਸਾਫ਼ ਸਾਫ਼
ਆਸਮਾਨ ਕਿਉਂ ਹੈ?
ਚੁਪ ਚਪੀਤਾ, ਭੈ ਭੀਤ
ਇਨਸਾਨ ਕਿਉਂ ਹੈ?
ਕੋਈ ਅੱਗ ਤੇ ਪਾਣੀ
ਨਹੀਂ ਡੋਲ੍ਹ ਰਹੇ
ਭਲਾ ਸੁਖ ਤਾਂ ਹੈ?
ਕਿਉਂ ਲੋਕ ਕੁੰਡੇ ਨਹੀਂ ਖੋਲ ਰਹੇ
ਭਲਾ ਸੁਖ ਤਾਂ ਹੈ।
ਕੋਇ ਕੁੱਤਿਆਂ ਦਾ ਵੀ
ਮਰਿਆ ਨਹੀਂ,
ਸਗੋਂ ਹੋਰ ਟਟੀਰੀਆਂ
ਵਧੀਆਂ ਨੇ।
ਕਿਤੇ ਸਾਡੀ ਤਾਂ ਨਹੀਂ
ਗਲਤੀ ਕੋਈ,
ਸਾਨੂੰ ਕੋਸਨ ਨਾ
ਅਗਲੀਆਂ ਸਦੀਆਂ ਨੇ
ਨਹੀਂ ਗੱਡੀਆਂ ਵਾਲੇ
ਟੋਲ੍ਹ ਰਹੇ
ਭਲਾ ਸੁਖ ਤਾਂ ਹੈ?
ਅਸੀਂ ਪਸ਼ੂ ਤੇ ਪੰਛੀ
ਬੋਲ ਰਹੇ
ਭਲਾ ਸੁਖ ਤਾਂ ਹੈ?
ਹਾਂ ਭਾਂਵੇਂ ਅਸੀਂ ਅਜ਼ਾਦ ਅੱਜ,
ਪਰ ਕੁਝ ਤਾਂ ਖਾਲੀ ਖਾਲੀ ਏ।
ਕਿਉਂ ਫੁੱਲ ਮੇਰਾ ਕੋਈ ਟੁੱਟਿਆਂ ਨਹੀਂ
ਪੁੱਛ ਰਹੀ ਹਰ ਡਾਲੀ ਏ।
ਕੀ ਫੁੱਲ ਨਹੀਂ ਮੇਰੇ ਸੋਲ੍ਹ ਰਹੇ,
ਭਲਾ ਸੁੱਖ ਤਾਂ ਹੈ?
ਸਾਡੀ ਤਾਂ, ਮੰਡੀਆਂ ਦੀ ਵਾਰੀ ਸੀ,
ਕਿਉਂ ਸਾਨੂੰ ਕਰ ਸੁੰਨਸਾਨ ਗਏ,
ਕੋਈ ਖੇਤ ਵੀ ਵਿਰਲਾ ਆਉਂਦਾ ਏ,
ਕਿਉਂ ਕਿੱਧਰ ਸਭ ਇਨਸਾਨ ਗਏ।
ਕਿਉਂ ਹੁਣ ਨਹੀਂ ਸਾਨੂੰ ਫੋਲ ਰਹੇ।
ਭਲਾ ਸੁੱਖ ਤਾਂ ਹੈ?
ਅਸੀਂ ਖੇਤ ਪੰਜਾਬ ਦੇ ਬੋਲ ਰਹੇ
ਭਲਾ ਸੁੱਖ ਤਾਂ ਹੈ?
ਸਾਨੂੰ ਤਾਂ ਖਬਰਾਂ ਨਹੀਂ ਰੱਬਾ
ਕੀ ਧਰਤੀ ਉੱਤੇ ਹੋਇਆ ਏ।
ਪਰ ਏਨੀ ਚੁੱਪ ਚਾਪ ਵੇਖ ਕੇ,
ਸਾਡਾ ਤਾਂ ਦਿਲ ਰੋਇਆ ਏ।
ਚਾਹੇ ਗਲਤੀ ਲੋਕਾਂ ਦੀ
ਜਾਂ ਚਾਹੇ ਗਲਤੀ ਸਾਡੀ ਏ।
ਪਰ ਹੋਰ ਸਹੀ ਹੁਣ ਜਾਂਦੀ ਨਹੀਂ,
ਇਹ ਪੀੜ ਬੜੀ ਹੀ ਡਾਢੀ ਏ।
ਹਰ ਦੁੱਖ ਤੂੰ ਕਰਦੇ ਮਾਫ ਰੱਬਾ,
ਹਰ ਜਾਨ, ਜਾਨ ਦੇ ਕੋਲ ਰਵੇ,
ਸਭ ਸੁੱਖ ਹੋਵੇ।
ਅਸੀਂ ਧਰਤੀ ਵਾਲੇ ਬੋਲ ਰਹੇ,
ਸਭ ਸੁੱਖ ਹੋਵੇ।

# Namdhari tradition:
# The practice of social and self-distancing since 1857

Navjot Kaur

Social distancing has suddenly become a buzz word due to the ongoing coronavirus pandemic. Throughout the world, people are practicing social distancing and avoiding contact with others. Governments are issuing advisories to people and educating them in novel ways. A Ludhiana district advertisement goes as 'For long-term relations, maintain distance now'. In addition to this, another form of distancing is being advocated, which can be described as ''Self-distancing''. This is avoiding touching of the face with hands, as coronavirus has been known to enter through various openings, including nose, ears, and eyessss. Suddenly, the ways of greeting have changed. Customary handshakes have transformed into the Indian way of ''Namaste pose''. People are taking the necessary precautions. Home-made food prepared hygienically, repeated washings of hands upon touching anything, regular baths upon exposure to the environment outside the home, avoidance of face contact with hands, using cloth/gloves to open or shut doors and then washing the cloth thus used, are the features of new habits that people are learning quickly. Those who crave for market food and are not used to regular baths and washes may definitely find it unusual and challenging. Those who have some information about Sikhism, exclaim, ''Everyone is being asked (unknowingly) to follow Namdhari lifestyle!'' People who earlier were critical of the cautious Namdhari lifestyle are now finding a good cause and reason for the same.

The concept of purity is enshrined in Sikh beliefs. The three basic activities to be undertaken by every Sikh are meditation (Naam), charity (Daan), and Bath (Ishnaan). The inclusion of personal hygiene amongst the spiritual and temporal concepts of meditation and charity, respectively, signifies the importance of hygiene. While the spiritual purity of mind and thoughts is of utmost importance, its physical manifestation is equally necessary. Before undertaking any religious ceremony, personal hygiene takes precedence over other activities. Before performing religious ceremonies, the participants come under the ambit of a ritualistic discipline 'Sodh maryada', which involves taking bath from well water and not touching random objects thereafter. Special attention is paid not to touch the face with hands or other objects.

For spiritual hygiene, initiation of Amrit (ambrosial nectar) is undertaken and then the religious task is performed. This constitutes the general protocol for observing religious ceremonies. Further, Namdhari tradition prioritizes and extends the 'umbrella of spirituality' over the routine activities of life as well.

Namdhari tradition follows a strictly vegetarian diet. In addition, keeping in line with the Indian maximum ''Jaisa Ann Waisa Mann'' referring that food shapes the mind, the food is prepared in a way that takes into consideration the like-mindedness of the person preparing it. Hence, food prepared by baptized and devout, in other words, the devotees themselves, is consumed. This is the spiritual aspect of the diet. With for many people, following the now cooking at homes themselves due to restriction on consumption of randomly prepared food in hotels and restaurants, the above maxim is being loosely followed in a forced way by them. While for many people, following the lifestyle recommendations due to coronavirus emergency is difficult challenging, for the practitioners of Namdhari tradition, these are very easy to follow as they had been doing much more since many, many years. The younger generation has learned, or at least is cognizant, of this lifestyle from their earlier generation.

The above Sikhi traditional lifestyle re-started in 1857, after decades of abandonment due to ignorance, luxury and licentiousness of late 18th and early 19th centuries. This tradition was revived by Satguru Ram Singh Ji to 'spiritually strengthen' the people and enable them to meet the formidable challenge of British imperialism. This 'spiritual' lifestyle, which is, a Sikhi tradition, got popularized by the name of followers of Satguru Ram Singh Ji, the Namdharis. Anybody who has some information about Sikhism realizes the pristine form of lifestyle adopted and laid out in the Namdhari tradition. The particular lifestyle of Namdhari tradition aimed to provide spiritual energy to its practitioners so that they can rise above the desires of worldly pursuits, promised by the British imperial empire in lieu of work against one's own motherland. Dr. Harjot Oberoi expresses the development of the confidence in Namdhari Sikhs, owing to their distinct lifestyle, in his chapter ''Brotherhood of the Pure: The poetics and politics of Cultural Transgression''. Staunch opponents of imperialism of all kinds, the Namdhari Sikhs have channeled their energies in building a rational and just society, under the guidance of their spiritual Gurus, before and after the attainment of Indian Independence.

New scientific evidence is accumulating on the importance of water in meditation, the

importance of meditation in healing, etc. Scientific experimentation is providing clues to the effects of 'space conditioning by religious relics' and other related concepts. It may take some time before the scientific evaluation finally implicates the spiritual mechanism of Namdhari tradition practices. However, the historical records have fully shown the effectiveness of the tradition and its practices on its followers. A testament to the historical evidence of the effectiveness of Namdhari tradition in addressing the challenge of colonialism is provided in the imperial District Gazette of 1904, where it mentions, ''The truth is that it is impossible for a Kuka to be a loyal subject of the British Government, as the avowed object of Guru Govind Singh, whose incarnation (Guru) RamSingh professes to be, was a temporal kingdom; and the establishment of this under (Guru) Ram Singh is the first element in the faith of the sect.'' The pragmatic nature of Namdhari tradition now provides a guide to approach social and self-distancing, in the form of a smooth transition in these, otherwise challenging times.

On March 13, when U.S. President Donald Trump met Irish P.M. Leo Varadkar in ''Namaste'' pose, he made a statement about the greeting styles of India and Japan, both of which do not require hand contacts. He said, ''They (Indian and Japan) were ahead of the curve''. In his article 'Ahead of the Curve' dated April 5, Dr. Shashi Tharoor reiterated that behind every major Indian tradition, there is science (and spirituality). The Indian tradition believes in Universal Brotherhood, ''Vasudhaiva Kutumbakam'', which means 'the world is one family'. The idea and practice of the principles of 'purity for the purpose of self and social welfare' are inherent in Namdhari tradition. The information and experience of this wonderful tradition, which helps to achieve social welfare, is worthy of dissemination and practice. Satguru Jagjit Singh Ji once remarked, ''Satguru Partap Singh Ji has shown, how being different from all others, we can still integrate and participate with everyone else.'' In another remark, Satguru Ji said (referring to Namdhari Sikhs), ''You are like the seed that remains of the Indian tradition today.'' It is important to be aware of this tradition and culture, which willfully challenged the spread of colonialism since 1857 and can now smoothly counter the spread of coronavirus. United Nations recognizes different heritage sites in the world. Food and Agriculture Organization has started recognizing Globally Important Agricultural Heritage Systems. It is high time that Globally Important Lifestyle Heritage Systems are also recognized. Namdhari heritage can be one of the most important in that direction as well.

--------------------------

# Covid-19 stigma is more serious challenge than disease, warns AIIMS doc Guleria

Dr Randeep Guleria

Dr. Randeep Guleria said that while 90-95 percent of patients of Covid-19 recover, the mortality rate from the disease is rising due to the stigma attached to the disease.

All India Institute of Medical Science Director Dr. Randeep Guleria on Thursday said that stigma attached to Covid-19 treatment was far more dangerous than the disease. Addressing a press conference in New Delhi, Dr. Randeep Guleria that while 90-95 percent of patients of Covid-19 recover, the mortality rate from the disease is rising due to the stigma attached to the disease.

"We have to remember that this is a disease which is not that serious...it (stigma) is actually causing an increase in morbidity and mortality. Because of the stigma that is happening many patients who have Covid-19 or flu-like symptoms are not coming to health care facilities," Dr. Randeep Guleria said.

Dr. Randeep Guleria said that a lot of patients were facing undue stigma linked to the disease and its treatment, which needs to end.

"If we have that stigma and we don't come forward we may land up in a situation where because of our delay in treatment we have higher mortality," he said.

The AIIMS director said that the majority of the Covid-19 patients only require supportive treatment. "Only around 15 percent of patients require oxygen therapy along with drugs," he said.

Earlier, at a press conference senior ICMR official Dr. R Gangakhedkar had said that around 80 percent of Covid-19 patients exhibit no or mild symptoms, while 15 percent turn severe and five percent critical.

During Thursday's presser, AIIMS chief Dr. Randeep Guleria said that the hospitals in India are trying various drugs and new vaccines and medicines are being tracked. He also said that India has also started trying convalescent plasma as a treatment plan for Covid-19 patients.

"At various centers, we've started using convalescent plasma that is the blood of Covid-19 patients who have recovered. A large number of patients who have become alright have come forward and volunteered to donate their blood. It shows the commitment our citizens have when it comes to fighting Covid-19," Dr. Guleria said.

## ਖ਼ਬਰਨਾਮਾ

### ਨਾਮਧਾਰੀ ਸੰਗਤ (ਲੁਧਿਆਣਾ) ਵਲੋਂ ਲੋੜਵੰਦਾਂ ਨੂੰ ਰਾਸ਼ਨ

15 ਮਈ 2020: ਅੱਜ ਨਾਮਧਾਰੀ ਸ਼ਹੀਦੀ ਸਮਾਰਕ ਜੇਲ ਰੋਡ ਲੁਧਿਆਣਾ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਆਸ਼ੀਰਵਾਦ ਨਾਲ ਨਾਮਧਾਰੀ ਸੰਗਤ ਵੱਲੋਂ ਸ਼ਹਿਰ ਦੇ ਮੇਅਰ ਸ. ਬਲਕਾਰ ਸਿੰਘ ਸਿੱਧੂ, ਕਾਰਪੋਰੇਸ਼ਨ ਕਮਿਸ਼ਨਰ ਸ੍ਰੀਮਤੀ ਕਮਲਪ੍ਰੀਤ ਕੌਰ ਬਰਾੜ, ਸ੍ਰੀ ਮਤੀ ਮਮਤਾ ਆਸ਼ੂ ਜੀ ਦੀ ਸਰਪ੍ਰਸਤੀ ਹੇਠ ਰਾਸ਼ਨ ਵੰਡ ਸਮਾਰੋਹ ਦਾ ਆਜੋਯਨ ਕੀਤਾ ਗਿਆ। ਇਸ ਕੈਂਪ ਵਿੱਚ ਖਾਸ ਗਲ ਇਹ ਸੀ ਕਿ ਕਿਸੇ ਵੀ ਵਲੰਟੀਅਰ ਨੇ ਹੱਥਾਂ ਨਾਲ ਰਾਸ਼ਨ ਨਹੀਂ ਵੰਡਿਆ ਸਗੋਂ ਮੇਜਾਂ ਤੇ ਆਟਾ ਦਾਲ,ਚਾਵਲ,ਖੰਡ,ਨਮਕ,ਮਸਾਲੇ ਤੇ ਕੰਬਲ ਪੈਕ ਕੀਤੇ ਪਏ ਸਨ। ਹਰ ਜਰੂਰਤ ਮੰਦ ਆਪਣੀ ਲੋੜ ਅਨੁਸਾਰ ਸਾਰੇ ਪੈਕੇਟ ਲੈ ਕੇ ਝੋਲੇ ਵਿਚ ਪਾ ਲੈਂਦੇ ਅਤੇ ਜਥੇਦਾਰ ਹੱਥ ਜੋੜ ਰਾਸ਼ਨ ਲੈਣ ਵਾਲਿਆਂ ਦਾ ਧੰਨਵਾਦ ਕਰ ਰਹੇ ਸਨ। ਨਾਮਧਾਰੀ ਵਿਦਿਅਕ ਜਥੇ ਦੇ ਨੌਜਵਾਨ ਪਿਛਲੇ ਇਕ ਮਹੀਨੇ ਤੋਂ ਕਰੀਬ 1600 ਪਰਿਵਾਰਾਂ ਨੂੰ ਰਾਸ਼ਨ ਵੰਡ ਚੁੱਕੇ ਹਨ ਤੇ ਲਗਾਤਾਰ ਸ਼ਹੀਦੀ ਸਮਾਰਕ ਦੇ ਲੰਗਰ ਵਿੱਚੋਂ ਹਰ ਰੋਜ ਹਜ਼ਾਰਾਂ ਵਿਅਕਤੀਆਂ ਦਾ ਲੰਗਰ ਪੈਕ ਕਰਕੇ ਪ੍ਰਸ਼ਾਸਨ ਨੂੰ ਸੌਂਪਿਆ ਜਾਂਦਾ ਹੈ।

ਮੇਅਰ ਬਲਕਾਰ ਸਿੰਘ ਹੋਰਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਧੰਨਵਾਦ ਕਰਦਿਆਂ ਆਖਿਆ ਕਿ ਨਾਮਧਾਰੀ ਸੰਗਤ ਹਮੇਸ਼ਾਂ ਹਰ ਤਰਾਂ ਨਾਲ ਸੇਵਾ ਵਾਸਤੇ ਤਿਆਰ ਰਹਿੰਦੀ ਹੈ ਚਾਹੇ ਸ਼ਹਿਰ ਦੀ ਸਫਾਈ ਹੋਵੇ, ਚਾਹੇ ਬੁੱਢੇ ਦਰਿਆ ਵਾਸਤੇ ਕੀਤਾ ਖਰਚ ਖੇਚਲ ਤੇ ਫੇਰ ਚਾਹੇ ਇਸ ਮਹਾਂਮਾਰੀ ਦੌਰਾਨ ਚਲ ਰਹੀ ਭੈਣੀ ਸਾਹਿਬ ਤੇ ਸ਼ਹੀਦੀ ਸਮਾਰਕ ਲੁਧਿਆਣਾ ਤੋਂ ਸੇਵਾ ਹੋਵੇ। ਇਸ ਮੌਕੇ ਸੰਤ ਸੁਰਿੰਦਰ ਸਿੰਘ ਨਾਮਧਾਰੀ ਪ੍ਰਧਾਨ ਵਿਸ਼ਵ ਨਾਮਧਾਰੀ ਸੰਗਤ ਨੇ ਸਮੂਹ ਪ੍ਰਸ਼ਾਸਨ ਦਾ ਖਾਸ ਕਰਕੇ ਨਿਗਮ ਦੇ ਸਫਾਈ ਕਰਮਚਾਰੀਆਂ ਦਾ ਵੀ ਧੰਨਵਾਦ ਕੀਤਾ ਜੋ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਸ਼ਹਿਰ ਦੀ ਸਫਾਈ ਰੱਖ ਰਹੇ ਹਨ।

ਇਸ ਮੌਕੇ ਪੰਜ ਵਾਰਡਾਂ 52,53,62,63,64 ਨੰਬਰ ਦੇ ਕੌਂਸਲਰਾਂ ਦੁਆਰਾ ਵੰਡੀਆਂ ਪਰਚੀਆਂ ਦੇ ਆਧਾਰ ਤੇ ਲੋਕਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਸੂਬਾ ਹਰਭਜਨ ਸਿੰਘ, ਸੰਤੋਖ ਸਿੰਘ, ਤਰਨ ਸਿੰਘ, ਬਲਬੀਰ ਸਿੰਘ, ਗੁਰਮਖ ਸਿੰਘ, ਰਹਿਬਰ ਜੀ, ਜੀ.ਪੀ. ਸਿੰਘ, ਬਲਵੰਤ ਸਿੰਘ, ਸੁਖਵਿੰਦਰ ਸਿੰਘ ਲਾਇਲ ਤੇ ਹੋਰ ਸੱਜਣ ਹਾਜਰ ਸਨ।

ਸੁਖਵਿੰਦਰ ਸਿੰਘ ਲਾਇਲ
9815377811

---------------------------

## ਕਾਹੂ ਕੀ ਸੰਗਤ ਮਿਲ ਜੀਵਨ ਮੁਕਤ ਹੋਏ

ਮਨੁੱਖ ਨੇ ਸਦਾ ਆਪਣੀ ਪ੍ਰਵਿਰਤੀ ਦੇ ਹਿਸਾਬ ਨਾਲ ਸੰਸਾਧਨਾਂ ਦੀ ਵਰਤੋਂ ਜਾਂ ਦੁਰਵਰਤੋਂ ਕੀਤੀ ਹੈ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾ ਵਿੱਚ ਜ਼ਿਕਰ ਹੈ ਕਿ ਜਿਸ ਜਹਾਜ ਦੁਆਰਾ ਮੁਸੀਬਤ ਵਿੱਚ ਘਿਰੇ ਲੋਕਾਂ ਨੂੰ ਕੱਢਿਆ ਜਾ ਸਕਦਾ ਹੈ, ਉਨ੍ਹਾਂ ਨੂੰ ਰੋਟੀ ਪਹੁੰਚਾਈ ਜਾ ਸਕਦੀ ਹੈ ਅਤੇ ਉਸੇ ਜਹਾਜ ਨਾਲ ਬੰਬ ਸੁੱਟੇ ਜਾ ਸਕਦੇ ਹਨ, ਤਬਾਹੀ ਮਚਾਈ ਜਾਂਦੀ ਹੈ।

ਕਰੋਨਾ  ਕਰ ਕੇ ਚਲਦੇ ਲੋਕ ਡਾਊਨ ਦੇ ਦੌਰ ਅੰਦਰ ਮਨੁੱਖ ਨੂੰ ਸਮਾਂ ਬਤੀਤ ਕਰਨ 'ਚ ਵਿਗਿਆਨਕ ਸਾਧਨਾ –ਮੋਬਾਈਲ ਫੋਨ, ਸੋਸ਼ਲ ਮੀਡੀਆ ਆਦਿ ਦਾ ਬੜਾ ਸਹਾਰਾ ਹੈ, ਪਰ ਇਹਨਾਂ ਸਾਧਨਾਂ ਦੀ ਵਰਤੋਂ ਵੀ ਪ੍ਰਵਿਰਤੀ ਅਨੁਸਾਰ ਹੋ ਰਹੀ ਹੈ।

ਜਿੱਥੇ ਆਮ ਮਨੁੱਖ ਇਸਨੂੰ ਮਨੋਰਜੰਨ ਫ਼ਿਲਮਾਂ ਆਦਿ ਲਈ ਵਰਤਦਾ ਹੈ ਉਥੇ ਨਾਮਧਾਰੀ ਸੰਗਤ ਇਸ ਦੀ ਵਰਤੋਂ ਕਰ ਕੇ ਸਤਿਸੰਗ ਕਰ ਰਹੀ ਹੈ।

ਲੌਕ ਡਾਊਨ ਤੋਂ ਪਹਿਲਾਂ ਹੀ ਨਾਮਧਾਰੀ ਪੰਥ ਦੀਆਂ ਵੈੱਬ ਸਾਈਟਾਂ ਅਤੇ ਐਪ ਸਤਿਗੁਰੂ ਜੀ ਦੇ ਦੌਰਿਆਂ ਦੀ ਰਿਪੋਰਟ, ਤਸਵੀਰਾਂ, ਸ਼ਬਦ, ਕਥਾ ਕੀਰਤਨ ਦਾ ਪ੍ਰਚਾਰ ਪ੍ਰਸਾਰ ਕਰਦੀ ਸੀ, ਇਸੇ ਮਾਧਿਅਮ ਨਾਲ ਰਾਗੀ ਸ਼ਾਮ ਸਿੰਘ ਅਤੇ ਸੰਤ ਨਿਸ਼ਾਨ ਸਿੰਘ ਜੀ ਸ਼ੁੱਧ ਪਾਠ ਦੀ ਸਿੱਖਿਆ ਵੀ ਦਿੰਦੇ ਅਤੇ ਪਾਠ ਵੀ ਕਰਵਾਉਂਦੇ ਹਨ ।

ਪਰ ਹੁਣ ਲੌਕ ਡਾਊਨ ਤੋਂ ਬਾਅਦ ਨਿਊਯਾਰਕ, ਕੈਨੇਡਾ , ਥਾਈਲੈਂਡ ਦੀ ਸੰਗਤ ਜ਼ੂਮ ਮੀਟਿੰਗ ਐਪ ਰਾਹੀਂ ਆਪਣੇ– ਆਪਣੇ ਘਰਾਂ ਚ ਬੈਠਿਆਂ ਹੀ ਨਾਮ ਸਿਮਰਨ ਕਥਾ ਕੀਰਤਨ ਕਰਦੀ ਹੈ, ਸਤਿਗੁਰੂ ਜੀ ਦੇ ਦਰਸ਼ਨ ਅਤੇ ਪ੍ਰਵਚਨਾਂ ਦਾ ਲਾਹਾ ਵੀ ਲੈ ਰਹੀ ਹੈ ।

ਪਿਛਲੇ ਦਿਨੀਂ ਇੰਗਲੈਂਡ ਦੇ ਇਕ ਸਰੀਰ ਦਾ ਭੋਗ ਇਸੇ ਮਾਧਿਅਮ ਦੀ ਵਰਤੋਂ ਕਰਕੇ ਪਾਇਆ ਗਿਆ। ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ 'ਚ ਬਿੜਦੀ ਫਾਰਮ ਬੰਗਲੌਰ ਵਿਖੇ ਸਲੋਕ ਪੜ੍ਹੇ ਗਏ, ਉਪਰੰਤ ਹਜ਼ੂਰੀ ਰਾਗੀ ਬਲਵੰਤ ਸਿੰਘ ਜੀ ਦੇ ਜਥੇ ਨੇ ਸ੍ਰੀ ਭੈਣੀ ਸਾਹਿਬ ਤੋਂ ਕੀਰਤਨ ਕੀਤਾ, ਪਰਵਾਰ ਵਾਲੇ ਇੰਗਲੈਂਡ ਹੀ ਬੈਠ ਕੇ ਦਰਸ਼ਨ ਕਰਦੇ ਰਹੇ। ਕਰਨਪਾਲ ਹੁਰਾਂ ਦੀ ਟੀਮ ਦੇ ਉੱਦਮ ਨਾਲ ਵਿਸ਼ਵ ਭਰ ਦੀ ਸੰਗਤ ਨੇ ਸਾਰੇ ਦ੍ਰਿਸ਼ ਦੇ ਸੋਸ਼ਲ ਮੀਡੀਆ ਰਾਹੀਂ ਲਾਈਵ ਦਰਸ਼ਨ ਕੀਤੇ।

ਇਸੇ ਤਰ੍ਹਾਂ ਹੀ ਪੰਜਾਬੀ ਅਕਾਦਮੀ ਦੇ ਸਕੱਤਰ ਸ੍ਰ. ਗੁਰਭੇਜ ਸਿੰਘ ਗੁਰਾਇਆ ਵੀ ਅਕਾਦਮੀ ਦੇ ਫੇਸਬੁੱਕ ਪੇਜ਼ ਰਾਹੀਂ ਬੁੱਧੀਜੀਵੀਆਂ ਨਾਲ ਸਮਾਜਕ, ਧਾਰਮਕ ਪੱਖਾਂ ਤੇ ਵਿਚਾਰ ਗੋਸ਼ਟੀਆਂ ਕਰ ਰਹੇ ਹਨ। ਇਕ ਅਹਿਮ ਗੋਸ਼ਟੀ ਦੌਰਾਨ ਉਹਨਾਂ ਪੰਜਾਬੀ ਸਮਾਜ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਕੂਕਾ ਲਹਿਰ ਬਾਰੇ ਤੱਥ ਭਰਪੂਰ ਤਕਰੀਰ ਕੀਤੀ।

ਸਤਿਜੁਗ ਤੇ ਵਰਿਆਮ ਦੇ ਅੰਕ ਈ–ਮੈਗਜ਼ੀਨ ਆਨ ਲਾਈਨ ਸੰਗਤਾਂ ਨੂੰ ਪੜਨ ਨੂੰ ਮਿਲੇ।

ਇਸਦੇ ਨਾਲ ਹੀ ਹਰਪ੍ਰੀਤ ਸਿੰਘ ਮੰਡੀ ਅਤੇ ਹੋਰ ਸਹਿਯੋਗੀਆਂ ਨੇ ਅੰਮ੍ਰਿਤ ਵੇਲਾ ਨਾਮ ਦੇ ਵ੍ਹਟਸਐਪ ਗਰੁੱਪ ਬਣਾਏ ਹਨ। ਜਿਸ ਵਿਚ ਅੰਮ੍ਰਿਤ ਵੇਲੇ 1–2 ਵਜੇ ਤੋਂ ਹੀ ਸੰਗਤ ਇਸ਼ਨਾਨ ਕਰਕੇ ਹਾਜ਼ਰੀ ਲਾਉਂਦੀ ਹੈ ਅਤੇ ਨਾਮ ਸਿਮਰਨ ਕਰਦੀ ਹੈ। ਕਰੀਬ 600 ਸਰੀਰ ਇਸ ਤਰ੍ਹਾਂ ਨਾਮ–ਸਿਮਰਨ ਕਰਦੇ ਹਨ।

ਵਿਸ਼ਵ ਨਾਮਧਾਰੀ ਵਿਦਿਅਕ ਜਥੇ ਵਲੋਂ ਭਾਸ਼ਣ, ਦਸਤਾਰ, ਸ਼ੁੱਧ ਗੁਰਬਾਣੀ, ਲਘੂ ਨਾਟਕ ਆਦਿ ਦੀਆਂ ਪ੍ਰਤਿਯੋਗਤਾਵਾਂ ਕਰਵਾਈਆਂ  ਜਾ ਰਹੀਆਂ ਹਨ। ਨਾਲ ਹੀ ਕਰੋਨਾ ਸਮੇਂ ਸੇਵਾ ਕਰਨ ਵਾਲਿਆਂ ਦਾ ਵੇਰਵਾ ਵੀ ਨੈੱਟ ਤੋਂ ਪ੍ਰਾਪਤ ਹੋ ਰਿਹਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਵਰ੍ਹੇ ਨਾਲ ਸਬੰਧਤ ਸਮਗਰੀ ਸੋਸ਼ਲ ਮੀਡੀਆ ਤੇ ਪ੍ਰਸਾਰਤ ਹੋ ਰਹੀ ਹੈ ।

ਇਸ ਤਰ੍ਹਾਂ ਨਾਮਧਾਰੀ ਸੰਗਤਾਂ ਵਲੋਂ ਗੁਰਮਤਿ ਦੇ ਪ੍ਰਚਾਰ–ਪ੍ਰਸਾਰ ਅਤੇ ਨਾਮ–ਬਾਣੀ ਦੇ ਪ੍ਰਵਾਹ ਨੂੰ ਜਾਰੀ ਕਰਕੇ, ਇਕ ਤਰ੍ਹਾਂ ਦਾ ਰੂਹਾਨੀਅਤ ਦਾ ਪ੍ਰਵਾਹ ਸੋਸ਼ਲ ਮੀਡੀਆ ਤੇ ਜਾਰੀ ਕਰ ਦਿੱਤਾ ਹੈ ।

– ਹਰਪਾਲ ਸਿੰਘ ਸੋਧੀ

---------------------------

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ
## ਨਾਮਧਾਰੀ ਸੰਗਤ ਦਿੱਲੀ ਵੱਲੋਂ ਬਿਹਾਰ ਅਤੇ ਯੂ.ਪੀ. ਦੇ ਵਾਪਸ ਜਾ ਰਹੇ ਮਜ਼ਦੂਰਾਂ ਦੀ ਸੇਵਾ



## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਦੀ ਸੰਗਤ ਵੱਲੋਂ ਚੁਫ਼ੇਰੇ ਪਿੰਡਾਂ, ਬਸਤੀਆਂ ਵਿੱਚ ਲੋੜਵੰਦਾਂ ਦੀ ਸੇਵਾ ਸਹਾਇਤਾ

